ਮਾਸਕ ੧ੴ ਪੱਤਰ
ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

## ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬੇਮਿਸਾਲ ਸ਼ਹੀਦੀ ਪਿਛੋਂ

JUNE 1991



ਜੂਨ ੧੯੯੧

ਸਿੰਘਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਹਨ ।

www.AKJ.Org

# ਤ ਤ ਕ ਰਾ


| | | |
|---|---|---|
| ਗੁਰ ਕਾ ਬਚਨੁ ਬਸੈ ਜੀਅ ਨਾਲੇ | ੩ | ਧਨਾਸਰੀ ਮਹਲਾ ੫ |
| ਸ਼ਹੀਦਾਂ ਦੇ ਸਿਰਤਾਜ ਪੰਚਮ ਸਤਿਗੁਰੂ ਜੀ | ੪ | — — — |
| ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਪਕਾਰ ਕੁਰਬਾਨੀਆਂ ਦਾ ਸਦਕਾ | ੮ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਕੀਰਤਨ ਗੁਰੂ ਜੀ ਨੂੰ ਸੁਣਾਈਦਾ ਹੈ | ੧੨ | ਡਾਕਟਰ ਤੇਜਇੰਦਰ ਸਿੰਘ ਜੀ |
| ਆਓ ! ਅਦਬ ਅੰਦਰ ਆਈਏ ! | ੧੫ | ਗਿਆਨੀ ਜਸਵੰਤ ਸਿੰਘ ਜੀ |
| ਭਗਤਿ ਨਵੈ ਪਰਕਾਰਾ | ੧੭ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਭਾਈ ਕੀਰਤੀਆ | ੨੧ | ਗਿਆਨੀ ਗਿਆਨ ਸਿੰਘ ਜੀ |
| ਵੈਸਾਖੀ ਸਮੇਂ ਖਾਲਸਾ ਜੀ ਦੇ ਅਰਦਾਸੇ | ੨੨ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਭੂਰਿਆਂ ਵਾਲੇ ਰਾਜੇ ਕੀਤੇ (੧੮) | ੨੫ | ਕੈਪਟਿਨ ਸਵਰਨ ਸਿੰਘ ਜੀ |
| ਅਮਰ ਸ਼ਹਾਦਤ (ਕਵਿਤਾ) | ੩੨ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਚਲਾਣਾ ਅਤੇ ਭਾਣਾ | ੩੪ | ਪ੍ਰਿੰਸੀਪਲ ਕੁਲਦੀਪ ਸਿੰਘ ਜੀ |
| ਭਾਈ ਮਨਸੁਖ | ੩੯ | ਗਿਆਨੀ ਹਰਿਬੰਸ ਸਿੰਘ ਜੀ |
| ਹਿਰਦੇ-ਵੇਧਕ ਸੂਚਨਾ | ੪੦ | — — — |
| ਸਿਖ ਸੰਸਥਾਵਾਂ ਅਤੇ ਆਗੂਆਂ ਦੇ ਨਾਮ ਖੁਲ੍ਹੀ ਚਿੱਠੀ | ੪੧ | ਜਥੇਦਾਰ ਅ: ਕੀ: ਜਥਾ |
| ਸ਼੍ਰੋਮਣੀ ਕਮੇਟੀ ਤੇ ਚੀਫ਼ ਖਾਲਸਾ ਦੀਵਾਨ ਵਲ ਚਿੱਠੀ | ੪੨ | " " " |
| ਜ਼ਰੂਰੀ ਸੂਚਨਾ | ੪੨ | " " " |


ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਗੁਰਿਆਈ ੬ ਜੂਨ    ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦੀ ੧੫ ਜੂਨ

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਅਵਤਾਰ ੨੮ ਜੂਨ

## 'ਸੂਰਾ' ਦੇ ਚੰਦੇ ਤੇ ਬਕਾਏ ਅਮਾਨਤੀ ਲਾਈਫ਼ ਮੈਂਬਰ ਦੇ ਕੇ ਰਸੀਦ ਲਓ

੧. ਲੁਧਿਆਣਾ ਪ੍ਰੋ: ਜੋਗਾ ਸਿੰਘ ਜੀ, ੬੬-ਸਟਾਫ ਕਾਲੋਨੀ, ਗੁਰੂ ਨਾਨਕ ਇੰਜੀਨੀਅਰਿੰਗ ਕਾਲਜ

੨. ਪਟਿਆਲਾ – ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯-ਇੰਦਰਪੁਰੀ ਕਾਲੋਨੀ, ਸਰਹੰਦ ਰੋਡ

੩. ਜਲੰਧਰ ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ

੪. ਹੁਸ਼ਿਆਰਪੁਰ – ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ

੫. ਚੰਡੀਗੜ੍ਹ ਤੇ ਮੋਹਾਲੀ ਭਾਈ ਫੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ

੬. ਜ਼ਿਲਾ ਸੰਗਰੂਰ ਪਿੰਡ ਉਪੋਕੇ, ਡਾਕਖਾਨਾ ਮਲੇਰਕੋਟਲਾ, ਭਾਈ ਤਰਲੋਚਨ ਸਿੰਘ ਜੀ

੭. ਫਰੀਦਾਬਾਦ ਟਾਊਨ (ਹਰਿਆਣਾ) ਭਾਈ ਬਲਵੰਤ ਸਿੰਘ ਜੀ, ੫-ਡੀ/੫੫, (੧੨੧੦੦੧)

੮. ਦਿੱਲੀ ਭਾਈ ਹਰਦਿਤ ਸਿੰਘ ਜੀ, ਏ-੩੧, ਫਤਹ ਨਗਰ

੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਜ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ

੧੦. ਅੰਮ੍ਰਿਤਸਰ - ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 52206


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੭-ਦਸਮੇਸ਼ ਕਲਾਥ ਮਾਰਕੀਟ,ਅਜੀਤ ਨਗਰ, ਅੰਮ੍ਰਿਤਸਰ ਤੋਂ ੧-੬-੯੧ ਨੂੰ ਪ੍ਰਕਾਸ਼ਤ ਕੀਤਾ ।



www.AKJ.Org

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੨੦-੦੦
ਇਕ ਪਰਚਾ ੨-੦੦

'ਪਰਦੇਸ' (ਸਾਰੇ ਦੇਸ)

**ਸਾਲਾਨਾ ਚੰਦਾ**

ਸਮੁੰਦਰੀ ਡਾਕ ੫੦-੦੦
ਹਵਾਈ ਡਾਕ ੧੫੦-੦੦

Foreign Subscription
Sea Mail 50-00
Air Mail 150-00

**ਅਮਾਨਤੀ**
**ਲਾਈਫ਼ ਮੈਂਬਰ**

ਦੇਸ ੨੦੦-੦੦

ਪਰਦੇਸ (ਸਾਰੇ ਦੇਸ)

ਸਮੁੰਦਰੀ ਡਾਕ ੫੦੦-੦੦
ਹਵਾਈ ਡਾਕ ੧੫੦੦-੦੦

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੫ ਜੂਨ ੧੯੯੧ ਅੰਕ ੬

# ਗੁਰ ਕਾ ਬਚਨੁ ਬਸੈ ਜੀਅ ਨਾਲੇ

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ ॥
ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ ॥੧॥
ਗੁਰ ਕਾ ਬਚਨੁ ਬਸੈ ਜੀਅ ਨਾਲੇ ॥
ਜਲ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥੧॥ਰਹਾਉ॥
ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ ॥
ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ
ਕਰੀ ਕ੍ਰਿਪਾ ਕਿਰਪਾਲੇ ॥੨॥੧॥੩੨॥

[ਧਨਾਸਰੀ ਮਹਲਾ ੫, ਪੰਨਾ ੬੭੯

ਸਿਮਰਉ—ਮੈਂ ਸਿਮਰਾਂ । ਬਚਨੁ—ਸ਼ਬਦ, ਗੁਰਮੰਤ੍ਰ । ਤਸਕਰੁ—ਚੋਰ । ਭਾਹਿ—ਅਗਨੀ । ਸਾਗਰ—ਸੰਸਾਰ ਸਮੁੰਦਰ । ਬੋਹਿਥੁ—ਨਾਮ ਰੂਪ ਜਹਾਜ਼ ।



www.AKJ.Org

# ਸ਼ਹੀਦਾਂ ਦੇ ਸਿਰਤਾਜ ਪੰਚਮ ਸਤਿਗੁਰ ਜੀ

**ਸ੍ਰੀ ਗੁਰੂ** ਅਰਜਨ ਦੇਵ ਜੀ ਗੋਇੰਦਵਾਲ ਵਿਖੇ ਜਨਮ ਲੈਣ ਦੇ ਸਮੇਂ ਤੋਂ ਹੀ ਗੁਰਮਤਿ-ਰੰਗਾਂ ਵਿਚ **ਰੰਗੀਜਦੇ ਗਏ।** ਨਾਨਾ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਬਚਪਨ ਤੋਂ ਹੀ ਆਪ ਦਾ ਗੁਰਬਾਣੀ ਨਾਲ **ਅਤਿ ਦਰਜੇ** ਦਾ ਪਿਆਰ, ਸਤਿਕਾਰ ਤੇ ਲਗਨ ਵੇਖ ਕੇ ਬਚਨ ਕੀਤਾ, "ਦੋਹਿਤਾ ਬਾਣੀ ਕਾ ਬੋਹਿਥਾ **ਹੋਵੇਗਾ।**" ਨਾਨਾ ਸਤਿਗੁਰੂ ਜੀ ਦੀ ਗੋਦੀ ਵਿਚ ਆਪ ਜੀ ਬਚਪਨ ਦੇ ਯਾਰਾਂ ਬਾਰਾਂ ਸਾਲ ਨਾਮ ਬਾਣੀ ਦੇ **ਅੰਮ੍ਰਿਤ-ਰਸ** ਮਾਣਦੇ ਰਹੇ। ਆਪ ਦੇ ਅੰਦਰ ਗੁਰੂ ਕਾ ਸ਼ਬਦ, ਗੁਰ-ਮੰਤਰ ਪਰਗਟ ਹੋ ਕੇ, ਲਟ ਲਟ ਪ੍ਰਕਾਸ਼ **ਕਰ ਰਿਹਾ ਸੀ।** ਆਪ ਦੀ ਰਸਨਾ ਤੇ ਗੁਰੂ ਕਾ ਸ਼ਬਦ ਵਜਦਾ ਸੀ। ਪ੍ਰਭੂ ਨੇ ਐਸੀ ਅਸਚਰਜ ਕਲਾ ਵਰਤਾਈ **ਹੋਈ ਸੀ ਕਿ** ਆਪ ਜੀ ਸਦਾ ਸੰਤੋਖ ਵਿਚ ਵਿਚਰਦੇ, ਕਿਉਂਕਿ ਆਪ ਜੀ ਦੇ ਅੰਦਰ ਨਿਰਮਲ ਬੁਧੀ ਸਮਾਈ **ਹੋਈ ਸੀ।** ਆਪ ਜੀ ਦੂਰ ਕਰਨ ਵਾਲੇ, ਦੂਜਿਆਂ ਦੇ ਦੁਖ ਨਿਵਾਰਨ ਵਾਲੇ, ਬੇਅੰਤ ਗਿਆਨ ਦੇ ਭੰਡਾਰ ਸਨ। **ਆਪ** ਜੀ ਅਪਹੁੰਚ ਵਾਹਿਗੁਰੂ ਤਕ ਪਹੁੰਚ ਰਖਣ ਵਾਲੇ, ਭਰਮ ਤੇ ਭ੍ਰਾਂਤੀ ਦਾ ਨਾਸ ਕਰਨ ਵਾਲੇ ਅਤੇ **ਸੀਤਲ ਸੁਖਦਾਤੇ** ਸਨ। ਇਉਂ ਜਾਪਦਾ ਹੈ ਜਿਵੇਂ ਕਿ ਪੂਰਨ ਪੁਰਖ ਬਿਧਾਤਾ, ਜੋ ਜਨਮ ਵਿਚ ਨਹੀਂ ਆਉਂਦਾ, **ਆਪ ਹੀ** ਪ੍ਰਗਟ ਹੋ ਗਿਆ ਹੈ।

ਬਚਪਨ ਦੀ ਇਸ ਮਹਾਨ ਉਤਮ ਰਹਿਣੀ ਦਾ ਜ਼ਿਕਰ ਉਨ੍ਹਾਂ ਭੱਟਾਂ ਨੇ ਆਪਣੀ ਬਾਣੀ ਵਿਚ ਕੀਤਾ **ਹੈ, ਜੋ** ਕਈ ਦੁਆਰਿਆਂ ਤੇ ਭਟਕ ਭਟਕ ਕੇ, ਗੁਰੂ ਨਾਨਕ-ਦਰ ਦੀ ਉਚੀ ਸੁਚੀ ਸੋਅ ਸੁਣ ਕੇ, ਗੁਰੂ-ਦਰਬਾਰ **ਵਿਚ ਪੁਜੇ** ਸਨ। ਸ੍ਰੀ ਗੁਰੂ ਰਾਮ ਦਾਸ ਜੀ ਨੇ ਸ੍ਰੀ ਅਰਜਨ ਦੇਵ ਜੀ ਨੂੰ ਗੁਰਤਾ-ਗਦੀ ਦੇ ਕੇ ਜਦ ਸਚਖੰਡ **ਪਿਆਨੇ ਕੀਤੇ,** ਉਦੋਂ ਸ੍ਰੀ ਗੋਇੰਦਵਾਲ ਵਿਖੇ ਦਸਤਾਰਬੰਦੀ ਸਮੇਂ ਸਿਖ ਸੰਗਤਾਂ ਦਾ ਭਾਰੀ ਇਕੱਠ ਹੋਇਆ। **ਇਹ ਭੱਟ** ਵੀ ਓਦੋਂ ਹੀ ਦਰਬਾਰ ਵਿਚ ਹਾਜ਼ਰ ਹੋਏ, ਸਤਿਗੁਰੂ ਜੀ ਦੇ ਦਰਸ਼ਨ ਕੀਤੇ, ਮਨ ਤਨ ਠਰ ਗਏ। **ਗੁਰੂ ਪਾਤਸ਼ਾਹ** ਨੇ ਨਦਰੀ ਨਦਰਿ ਨਿਹਾਲ ਕਰਨ ਵਾਲੀ ਐਸੀ ਦ੍ਰਿਸ਼ਟੀ ਭੱਟਾਂ ਤੇ ਕੀਤੀ ਕਿ ਉਨ੍ਹਾਂ ਦੇ ਕਪਾਟ **ਖੁਲ੍ਹ ਗਏ।** ਉਸ ਸਮੇਂ ਭੱਟਾਂ ਨੇ ਗੁਰੂ-ਉਸਤਤਿ ਵਿਚ ਜੋ ਬਾਣੀ ਉਚਾਰਨ ਕੀਤੀ, ਉਸ ਵਿਚ, ਭੱਟਾਂ ਦਾ **ਜਥੇਦਾਰ 'ਕੱਲ੍ਹ ਸਹਾਰ'** ਗੁਰੂ ਅਰਜਨ ਦੇਵ ਜੀ ਬਾਰੇ ਉਚਾਰਨ ਕਰਦਾ ਹੈ—

(ੳ) ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥੧॥ (ਪੰਨਾ ੧੪੦੭)

(ਅ) ਸਬਦੁ ਗੁਰੂ ਪਰਕਾਸਿਓ, ਹਰਿ ਰਸਨ ਬਸਾਇਓ ॥੧॥ (ਪੰਨਾ ੧੪੦੭)

(ੲ) ਖੇਲੁ ਗੂੜ੍ਹਉ ਕੀਅਉ ਹਰਿ ਰਾਇ, ਸੰਤੋਖਿ ਸਮਾਚਰ੍ਹਿਓ<br>
ਬਿਮਲ ਬੁਧਿ ਸਤਿਗੁਰਿ ਸਮਾਣਉ ॥੪॥ (ਪੰਨਾ ੧੪੦੭)

(ਸ) ਭਯਭੰਜਨੁ, ਪਰਦੁਖ ਨਿਵਾਰੁ, ਅਪਾਰੁ, ਅਨੰਭਉ ॥<br>
ਅਗਹ ਗਹਣੁ, ਭ੍ਰਮੁ ਭ੍ਰਾਂਤਿ ਦਹਣੁ, ਸੀਤਲੁ, ਸੁਖਦਾਤਉ ॥<br>
ਆਸੰਭਉ ਉਦਵਿਅਉ ਪੁਰਖੁ ਪੂਰਨੁ ਬਿਧਾਤਉ ॥੫॥ (ਪੰਨਾ ੧੪੦)

ਭਟ-ਬਾਣੀ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਧਰਮ ਦੇ ਆਸਰੇ, ਗੁਰਮਤਿ ਵਿਚ ਗੰਭੀਰ, ਦੁਖੀਆਂ **ਦੇ ਦੁਖ** ਕਟਣ ਵਾਲੇ, ਮਹਾਨ ਉਤਮ ਉਪਦੇਸ਼ ਵਾਲੇ, ਹਰਿ ਪ੍ਰਭੂ ਵਾਂਗ ਉਦਾਰ-ਚਿਤ ਅਤੇ ਹਉਮੈ-ਗ੍ਰਸਿਆਂ **ਦੇ ਹੰਕਾਰ** ਮਿਟਾਣ ਵਾਲੇ ਸਨ। ਜਿਥੇ ਆਪ ਜੀ ਮਹਾਂ ਦਾਨੀ ਸਨ ਉਥੇ ਸਤਿਗੁਰੂ ਦੇ ਬਖਸ਼ੇ ਗਿਆਨ-ਉਪਦੇਸ਼ **ਵਿਚ ਐਸੇ ਲੀਨ** ਕਿ ਗੁਰ-ਗਿਆਨ ਦੀ ਕਮਾਈ ਦਾ ਚਾਅ ਕਦੇ ਹੁਟਦਾ ਨਹੀਂ ਸੀ, ਥਕਦਾ ਨਹੀਂ ਸੀ। **ਆਪ ਜੀ ਸੱਚ** ਦੇ ਐਸੇ ਧਾਰਨੀ ਕਿ ਨਉਨਿਧੀ-ਹਰਿ-ਨਾਮ-ਮੰਤ੍ਰ ਆਪ ਜੀ ਪਾਸੋਂ, ਆਪ ਦੇ ਹਿਰਦੇ ਚੋਂ, ਆਪ **ਦੀ ਰਸਨਾ ਤੋਂ** ਕਦੇ ਨਿਖੁਟਦਾ ਨਹੀਂ ਸੀ।

**ਆਪ** ਜੀ ਨੇ ਗੁਰਤਾ ਪ੍ਰਾਪਤ ਕਰ ਕੇ ਮਹਾਨ ਕਾਰਜ ਸਿਰੇ ਚੜ੍ਹਾਏ। ਸ੍ਰੀ ਗੁਰੂ ਰਾਮ ਦਾਸ ਜੀ ਦੇ ਅਰੰਭੇ



www.AKJ.Org

ਅੰਮ੍ਰਿਤ-ਸਰੋਵਰ ਦੀ ਸੇਵਾ ਸੰਪੂਰਨ ਕੀਤੀ ਅਤੇ ਸਰੋਵਰ ਦੇ ਦਰਮਿਆਨ ਨਾਮ-ਬਾਣੀ ਦੇ ਅੰਮ੍ਰਿਤ-ਸੋਮੇ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ। ਮਾਝੇ ਵਿਚ ਗੁਰਮਤਿ ਦੇ ਪਰਚਾਰ ਨੂੰ ਜ਼ੋਰਾਂ ਸ਼ੋਰਾਂ ਨਾਲ ਚਲਾਉਣ ਲਈ ਸ੍ਰੀ ਤਰਨ ਤਾਰਨ ਅਤੇ ਕਰਤਾਰਪੁਰ ਸਾਹਿਬ ਨਗਰ ਵਸਾਏ। ਇਲਾਕੇ ਦੇ ਪਿੰਡ ਪਿੰਡ ਵਿਚੋਂ ਪਖੰਡ-ਧਰਮ ਤੇ ਸਰਵਰੀਆਂ ਦੇ ਜਾਲ ਤੋਂ ਲੋਕਾਂ ਨੂੰ ਛੁਡਾ ਕੇ ਗੁਰੂ ਨਾਨਕ ਦੇ ਚਲਾਏ ਨਿਰਮਲ ਪੰਥ ਨਾਲ ਜੋੜਿਆ। ਪਿੰਡਾਂ ਦੇ ਬੱਚੇ ਬੱਚੇ ਅੰਦਰ ਗੁਰੂ-ਘਰ ਦਾ ਪਿਆਰ ਪੈਦਾ ਕਰ ਦਿਤਾ।

ਸਭ ਤੋਂ ਮਹਾਨ ਤੇ ਉੱਤਮ ਕਾਰਜ ਇਹ ਕੀਤਾ ਕਿ ਤਪਦੇ ਬਲਦੇ ਸੰਸਾਰ ਵਿਚ ਠੰਢ ਵਰਤਾਣ ਵਾਲੀ ਗੁਰਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਚ ਪ੍ਰੋਸ ਕੇ ਸੰਸਾਰੀ ਜੀਵਾਂ ਦੇ ਸਾਹਮਣੇ ਰਖ ਦਿਤਾ ਅਤੇ ਬਾਣੀ ਦੇ ਅੰਤ ਵਿਚ ਮੁਹਰ-ਛਾਪ ਲਾਂਦਿਆਂ ਫ਼ੁਰਮਾਇਆ ਕਿ ਇਸ ਥਾਲ ਵਿਚਲੇ ਭੋਜਨ ਨੂੰ ਜਿਹੜਾ ਕੋਈ ਵੀ ਖਾਵੇ, ਭੁੰਚੇ ਤੇ ਅਨੰਦ ਮਾਣੇਗਾ, ਉਸ ਦਾ ਜਨਮ-ਮਰਨ ਤੋਂ ਛੁਟਕਾਰਾ ਹੋ ਕੇ ਪਾਰ-ਉਤਾਰਾ ਹੋ ਜਾਏਗਾ।

ਸੰਨ ੧੫੯੫ ਤੋਂ ੧੫੯੮ ਤਕ ਪੰਜਾਬ ਵਿਚ ਭਾਰੀ ਕਾਲ ਪਿਆ। ਪਾਣੀ ਦੀ ਕਿੱਲਤ ਕਾਰਨ ਸਖ਼ਤ ਔੜ ਲਗੀ। ਕਾਲ ਦੇ ਨਾਲ ਕਈ ਬੀਮਾਰੀਆਂ ਵੀ ਫੁਟ ਪਈਆਂ। ਆਤੁਰ ਲੋਕੀ ਕਾਲ ਤੇ ਬੀਮਾਰੀਆਂ ਦਾ ਸ਼ਿਕਾਰ ਹੋਣ ਲਗੇ। ਇਨ੍ਹਾਂ ਦਿਨਾਂ ਵਿਚ ਜਿਥੇ ਸਤਿਗੁਰੂ ਜੀ ਗੁਰਸਿੱਖੀ ਦੇ ਪਰਚਾਰ ਲਈ ਪਿੰਡਾਂ ਵਿਚ ਪੁਜਦੇ ਰਹੇ ਉਥੇ ਦੁਖੀਆਂ, ਲੋੜਵੰਦਾਂ ਤੇ ਮੁਸੀਬਤ ਵਿਚ ਫਸੇ ਲੋਕਾਂ ਦੀ ਸਹਾਇਤਾ ਲਈ ਥਾਂ ਥਾਂ ਅਪੜਦੇ ਰਹੇ ਅਤੇ ਫ਼ਸਲਾਂ ਦੀ ਸਿੰਜਾਈ ਲਈ ਇਕ-ਹਰਟੇ, ਦੋ-ਹਰਟੇ, ਚਾਰ ਤੇ ਛੇ-ਹਰਟੇ ਖੂਹ ਲਵਾਣ ਲਈ ਦਸਵੰਧ ਦੀ ਮਾਇਆ ਵਰਤਦੇ, ਭੁਖਿਆਂ ਨੂੰ ਅੰਨ-ਪਾਣੀ ਤੇ ਬੀਮਾਰਾਂ ਨੂੰ ਦਵਾ-ਦਾਰੂ ਦੇਣ ਦਾ ਯੋਗ ਵਸੀਲਾ ਬਣਦੇ ਰਹੇ। ਇਨ੍ਹਾਂ ਦਿਨਾਂ ਵਿਚ ਛੂਤ ਛਾਤ ਦੀ ਬੀਮਾਰੀ ਸੀਤਲਾ ਫੁਟ ਪਈ, ਇਨ੍ਹਾਂ ਰੋਗੀਆਂ ਵਿਚ ਵਿਚਰਦਿਆਂ ਤੇ ਸੇਵਾ ਕਰਦਿਆਂ ਸਤਿਗੁਰਾਂ ਦੇ ਆਪਣੇ ਸਾਹਿਬਜ਼ਾਦੇ ਸ੍ਰੀ (ਗੁਰੂ) ਹਰਿਗੋਬਿੰਦ ਸਾਹਿਬ ਨੂੰ ਵੀ ਸੀਤਲਾ ਨਿਕਲ ਆਈ। ਸਾਹਿਬਜ਼ਾਦੇ ਦੇ ਸੀਤਲਾ ਤੋਂ ਰਾਜ਼ੀ ਹੋਣ ਤੇ ਵਾਹਿਗੁਰੂ ਜੀ ਦੇ ਸ਼ੁਕਰਾਨੇ ਵਿਚ ਕਈ ਸ਼ਬਦ ਸ੍ਰੀ ਗੁਰੂ ਜੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਲਾਹੌਰ ਵਰਗੇ ਸ਼ਹਿਰ ਵਿਚ ਮਰੀ ਦੇ ਸ਼ਿਕਾਰ ਹੋਏ ਬੰਦਿਆਂ ਦੀ ਸੰਭਾਲ ਕਰਨ ਦਾ ਵੀ ਕੋਈ ਯੋਗ ਪਰਬੰਧ ਨਹੀਂ ਸੀ ਰਿਹਾ। ਸਤਿਗੁਰੂ ਆਪ ਅਠ ਮਹੀਨੇ ਲਾਹੌਰ ਰਹਿ ਕੇ ਮੁਰਦਿਆਂ ਦੀ ਸਾਂਭ ਸੰਭਾਲ ਅਤੇ ਕਾਲ-ਪੀੜਤਾਂ ਦੀ ਮਦਦ ਕਰਨ ਲਈ ਵਿਚਰਦੇ ਰਹੇ ਅਤੇ ਬਾਅਦ ਵਿਚ ਇਹ ਸੇਵਾ ਆਪਣੇ ਸਿੱਖਾਂ ਨੂੰ ਸੌਂਪ ਕੇ ਹੋਰ ਇਲਾਕਿਆਂ ਦੀ ਖ਼ਬਰ ਸੁਰਤ ਨੂੰ ਤੁਰ ਪਏ।

ਆਪ ਜੀ ਦਾ ਵਡਾ ਭਰਾਤਾ ਪ੍ਰਿਥੀ ਚੰਦ ਗੁਰ-ਗਦੀ ਸਮੇਂ ਤੋਂ ਆਪ ਨਾਲ ਵੈਰ ਕਮਾਂਦਾ ਰਿਹਾ। ਦੂਜੇ ਪਾਸੇ ਜ਼ਾਤਿ-ਅਭਿਮਾਨੀ ਬ੍ਰਾਹਮਣਾਂ ਲਈ "ਨਾਨਕ ਨਿਰਮਲ ਪੰਥੁ ਚਲਾਇਆ"* ਅਸਹਿ ਹੋ ਰਿਹਾ ਸੀ। ਲੰਗਰ ਵਿਚ ਊਚ ਨੀਚ ਦੀ ਸਮਾਨਤਾ ਅਤੇ ਸੰਗਤ-ਪੰਗਤ ਵਿਚ ਏਕਤਾ ਨਾਲ ਬ੍ਰਾਹਮਣਾਂ ਦੇ ਰਸੂਖ ਨੂੰ ਕਾਰੀ ਸੱਟ ਵਜ ਰਹੀ ਸੀ। ਸੂਦਰ ਤੇ ਨੀਵੀਂ ਜਾਤ ਦੇ ਲੋਕਾਂ ਨੂੰ ਮਨੁਖਤਾ ਦਾ ਅਹਿਸਾਸ ਹੋਣ ਲਗ ਪਿਆ ਸੀ, ਉਹ ਲੋਕੀ ਗੁਰੂ ਨਾਨਕ ਦੇ ਨਿਰਮਲ ਪੰਥ ਦੇ ਪਰਚਾਰ ਨਾਲ ਕਦ ਇਨ੍ਹਾਂ ਜਾਤਿ-ਅਭਿਮਾਨੀਆਂ ਦੇ ਜੂਲੇ ਵਿਚ ਰਹਿਣਾ ਪਸੰਦ ਕਰਦੇ ਸਨ। ਇਨ੍ਹਾਂ ਜਾਤਿ-ਅਭਿਮਾਨੀਆਂ ਨੇ ਬੀਰਬਲ (ਜੋ ਜਾਤ ਦਾ ਬ੍ਰਾਹਮਣ ਸੀ ਅਤੇ ਅਕਬਰ ਦੇ ਦਰਬਾਰ ਵਿਚ ਚੰਗੇ ਮਰਾਤਬੇ ਤੇ ਸੀ) ਰਾਹੀਂ ਸ਼ਾਹੀ ਦਰਬਾਰ ਵਿਚ ਗੁਰੂ ਦਰਬਾਰ ਦੇ ਬਰਖ਼ਿਲਾਫ਼ ਗੋਂਦਾਂ ਗੁੰਦਣੀਆਂ ਅਰੰਭੀਆਂ ਹੋਈਆਂ ਸਨ।

ਤੀਜਾ ਵਿਰੋਧੀ ਚੰਦੂ ਲਾਲ ਪੈਦਾ ਹੋ ਗਿਆ ਸੀ, ਜੋ ਲਾਹੌਰ ਸ਼ਾਹੀ ਦਰਬਾਰ ਵਿਚ ਕਿਸੇ ਚੰਗੇ ਅਹੁਦੇ ਤੇ ਸੀ। ਇਸ ਹੰਕਾਰੀ ਨੇ ਆਪਣੀ ਲੜਕੀ ਦੇ ਸਾਹਿਬਜ਼ਾਦੇ ਹਰਿਗੋਬਿੰਦ ਸਾਹਿਬ ਨਾਲ ਰਿਸ਼ਤਾ ਕੀਤੇ ਜਾਣ ਦੇ ਸੰਬੰਧ ਵਿਚ ਆਪਣੇ ਆਪ ਨੂੰ ਚੁਬਾਰੇ ਦੀ ਅਤੇ ਗੁਰੂ ਘਰ ਨੂੰ ਮੋਰੀ ਦੀ ਇੱਟ ਦਸਿਆ, ਜਿਸ ਤੇ ਲਾਹੌਰ ਦੀਆਂ ਸਿਖ ਸੰਗਤਾਂ ਨੇ ਸਤਿਗੁਰੂ ਜੀ ਨੂੰ ਲਿਖ ਭੇਜਿਆ ਕਿ ਇਸ ਹੰਕਾਰੀ ਦਾ ਰਿਸ਼ਤਾ ਕਦੇ

* ਭਾਈ ਗੁਰਦਾਸ ਜੀ ਵਾਰਾਂ ੧, ਪਉੜੀ ੪੫



www.AKJ.Org

ਨਹੀਂ ਕਬੂਲਣਾ, ਰਿਸ਼ਤਾ ਨਾ ਹੋ ਸਕਣ ਦਾ ਕਾਰਨ ਇਹ ਭਾਰੀ ਦੁਸ਼ਮਣ ਬਣ ਗਿਆ।

ਸਤਿਗੁਰੂ ਜੀ ਦੇ ਭਰਾਤਾ ਪ੍ਰਿਥੀ ਚੰਦ ਨੇ ਵਿਰੋਧਤਾ ਦੇ ਵਸ ਹੋ ਕੇ ਸਿਖ ਸੰਗਤਾਂ ਨੂੰ ਸ਼ਹਿਰ ਤੋਂ ਬਾਹਰ ਨਾਕਾਬੰਦੀ ਕਰਕੇ ਗੁਮਰਾਹ ਕਰਨ, ਮਾਇਆ ਆਪ ਵਟੋਰਨ ਅਤੇ ਗੁਰੂ ਕੇ ਲੰਗਰ ਦੀ ਹਾਲਤ ਪਤਲੀ ਕਰਨ ਵਿਚ ਕੋਈ ਕਸਰ ਨਾ ਛਡੀ, ਸਾਹਿਬਜ਼ਾਦੇ ਹਰਿਗੋਬਿੰਦ ਜੀ ਨੂੰ ਖ਼ਤਮ ਕਰਨ ਲਈ ਕਈ ਮਾਰੂ ਵਾਰ ਕੀਤੇ ਪਰ ਉਹ ਸਹੀ ਸਲਾਮਤ ਰਹੇ, ਸਤਿਗੁਰੂ ਜੀ ਅਡੋਲ ਅਤੇ ਗੰਭੀਰ ਰਹੇ, ਕਦੇ ਕੋਈ ਸ਼ਿਕਵਾ ਨਾ ਕੀਤਾ। ਪਰ ਜਦ ਆਮਦਨ ਦੀ ਕਮੀ ਅਤੇ ਲੰਗਰ ਤਕ ਦੀ ਹਾਲਤ ਪਤਲੀ ਪੈ ਚੁਕੀ ਸੀ, ਓਦੋਂ ਸਤੇ ਬਲਵੰਡ ਨੂੰ ਲੜਕੀ ਦੀ ਸ਼ਾਦੀ ਤੇ ਕਾਫ਼ੀ ਰਕਮ ਮੰਗਣ ਦੀ ਸ਼ਹਿ ਦੇ ਕੇ ਬਹਿਕਾਇਆ ਅਤੇ ਉਹ ਗੁਰੂ-ਘਰ ਤੋਂ ਆਕੀ ਹੋ ਬੈਠੇ ਤੇ ਗੁਰੂ ਅਰਜਨ ਪਾਤਸ਼ਾਹ ਆਪ ਉਨ੍ਹਾਂ ਦੇ ਘਰ ਸੰਗਤਾਂ ਨੂੰ ਕੀਰਤਨ ਸੁਣਾਉਣ ਦੀ ਪ੍ਰੇਰਨਾ ਕਰਨ ਲਈ ਪੁਜੇ ਤਾਂ ਹਉਮੈ ਗ੍ਰਸੇ ਡੂਮ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਸਭ ਗੁਰੂ-ਜੋਤਾਂ ਦੀ ਨਿੰਦਿਆ ਤੇ ਉਤਰ ਆਏ। ਆਪਣੇ ਸਤਿਗੁਰਾਂ ਦੀ ਨਿੰਦਾ ਸੁਣ ਕੇ ਪੰਚਮ ਪਾਤਸ਼ਾਹ ਨੇ ਉਨ੍ਹਾਂ ਨੂੰ ਫਿਟਕਾਰ ਦਿਤਾ ਅਤੇ ਫਿਰ ਭਾਈ ਲੱਧੇ ਪਰਉਪਕਾਰੀ ਰਾਹੀਂ ਮਾਫ਼ੀ ਮੰਗਣ ਅਤੇ ਗੁਰ-ਉਸਤਤਿ ਵਿਚ 'ਵਾਰ' ਉਚਾਰਨ ਤੇ ਸੰਗਤ ਨਾਲ ਮਿਲਾਇਆ।

ਅਕਬਰ ਦੇ ਵੇਲੇ ਤੋਂ ਵਿਰੋਧੀਆਂ ਵਲੋਂ ਬਾਦਸ਼ਾਹ ਦੀ ਕੰਨੀਂ ਇਹ ਗੱਲ ਪਾਈ ਜਾ ਰਹੀ ਸੀ ਕਿ ਗੁਰੂ ਸਾਹਿਬ ਆਪਣੀ ਬਾਣੀ ਵਿਚ ਹਿੰਦੂ ਧਰਮ ਤੇ ਦੀਨੇ ਇਸਲਾਮ ਦੇ ਬਰਖ਼ਿਲਾਫ਼ ਲਿਖ ਕੇ ਆਪਣੇ ਧਰਮ ਦਾ ਪਰਚਾਰ ਕਰ ਰਹੇ ਹਨ, ਪਰ ਉਨ੍ਹਾਂ ਦੀਆਂ ਚੁਗਲੀਆਂ ਮਾਰਨ ਤੇ ਕੰਨ ਭਰਨ ਨਾਲ, ਉਨ੍ਹਾਂ ਦੀ ਕੋਈ ਦਾਲ ਨਾ ਗਲੀ। ਹੁਣ ਜਹਾਂਗੀਰ ਦੇ ਕਾਲ ਵਿਚ ਉਹ ਇਸ ਕਰਕੇ ਸਫ਼ਲ ਹੋ ਗਏ, ਕਿਉਂਕਿ ਉਹ ਬੜਾ ਮੁਤੱਸਬੀ ਸੀ ਤੇ ਹਰ ਹੀਲੇ ਇਸਲਾਮ ਦਾ ਵਾਧਾ ਕਰਨਾ ਲੋੜਦਾ ਸੀ।

ਹੁਣ ਵਿਰੋਧੀਆਂ ਦੀਆਂ ਲੂਤੀਆਂ ਕੰਮ ਕਰ ਰਹੀਆਂ ਸਨ। ਜਦ ਜਹਾਂਗੀਰ ਦਾ ਪੁਤਰ ਖੁਸਰੋ ਬਾਗੀ ਹੋ ਕੇ ਪੰਜਾਬ ਵਲ ਨਸਿਆ ਤਾਂ ਉਸ ਨੂੰ ਸੋਧਣ ਲਈ ਜਹਾਂਗੀਰ ਨੇ ਪਿੱਛਾ ਕਰ ਕੇ ਉਸ ਨੂੰ ਕਾਬੂ ਕਰ ਲਿਆ। ਜਹਾਂਗੀਰ ਨੇ ਉਸ ਦੇ ਸਭ ਹਮਾਇਤੀਆਂ ਨੂੰ ਮੌਤ ਦੀਆਂ ਸਜ਼ਾਵਾਂ ਦਿਤੀਆਂ ਅਤੇ ਸੂਲੀਆਂ ਤੇ ਟੰਗਵਾਇਆ। ਅਜਿਹੇ ਮੌਕੇ ਗੁਰੂ ਘਰ ਦੇ ਦੋਖੀਆਂ ਅਤੇ ਚੰਦੂ ਨੇ ਆਪਣੇ ਵੈਰ ਤੇ ਸਾੜ ਕਢਣ ਲਈ ਜਹਾਂਗੀਰ ਨੂੰ ਚੁਮਕਾਇਆ ਕਿ ਗੁਰੂ ਅਰਜਨ ਨੇ ਖ਼ੁਸਰੋ ਦੀ ਸਹਾਇਤਾ ਕੀਤੀ ਅਤੇ ਉਸ ਦੇ ਮੱਥੇ ਤੇ ਤਿਲਕ ਲਾਇਆ ਸੀ।

ਇਹ ਤਾਂ ਪਹਿਲਾਂ ਹੀ ਕਾਜ਼ੀਆਂ ਰਾਹੀਂ ਜਹਾਂਗੀਰ ਦੇ ਕੰਨ ਭਰੀਂਦੇ ਰਹਿੰਦੇ ਸਨ ਕਿ ਗੁਰੂ ਦੇ ਪਰਚਾਰ ਦੇ ਅਸਰ ਨਾਲ ਕਈ ਉਨ੍ਹਾਂ ਦੇ ਦੀਨ-ਭਾਈ ਭੀ ਇਸਲਾਮ ਛਡ ਕੇ ਉਸ ਦੇ ਸੇਵਕ ਬਣਦੇ ਜਾ ਰਹੇ ਸਨ, ਪਰ ਹੁਣ ਖ਼ੁਸਰੋ ਦੀ ਮਦਦ ਦਾ ਰਚਿਆ ਢਕਵੰਜ ਕਾਰਗਰ ਆ ਗਿਆ। ਬਾਦਸ਼ਾਹ ਵੀ ਬਹਾਨਾ ਲਭਦਾ ਸੀ, ਸੋ ਇਸ ਮੌਕੇ ਨੂੰ ਗਨੀਮਤ ਸਮਝਿਆ ਅਤੇ ਗੁਰੂ ਨਾਨਕ ਦੇ ਚਲਾਏ ਧਰਮ ਪਰਚਾਰ ਨੂੰ ਠਲ੍ਹ ਪਾਉਣ ਲਈ, ਉਸ ਨੇ ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇ ਕੇ ਮਾਰਨ ਦੀ ਸਜ਼ਾ ਸੁਣਾ ਦਿਤੀ ਅਤੇ ਆਪ ਸਿੰਧ ਨੂੰ ਚਲਾ ਗਿਆ। ਇਸ ਬਾਰੇ ਜਹਾਂਗੀਰ ਆਪਣੀ ਜੀਵਨੀ 'ਤੁਜ਼ਕਿ ਜਹਾਂਗੀਰੀ' ਵਿਚ ਆਪ ਲਿਖਦਾ ਹੈ—

> "ਗੁਰੂ ਅਰਜਨ ਭੋਲੇ-ਭਾਲੇ ਹਿੰਦੂਆਂ ਅਤੇ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ ਭੀ ਆਪਣੀ ਰਹਿਤ-ਬਹਿਤ ਦਾ ਸ਼ਰਧਾਲੂ ਬਣਾ ਕੇ ਆਪਣੇ ਵਲ ਖਿਚ ਰਿਹਾ ਹੈ। ਫਰੇਬੀ ਤੇ ਠੱਗ ਉਸ ਦੇ ਸ਼ਰਧਾਲੂ ਬਣ ਰਹੇ ਹਨ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਦੁਕਾਨ ਚਲ ਰਹੀ ਹੈ। ਚਿਰਾਂ ਤੋਂ ਮੈਂ ਇਸ ਝੂਠ ਫ਼ਰੇਬ ਦੀ ਦੁਕਾਨ ਨੂੰ ਬੰਦ ਕਰਨਾ ਚਾਹੁੰਦਾ ਸਾਂ ਜਾਂ ਉਸ (ਗੁਰੂ) ਨੂੰ ਮੁਸਲਮਾਨ ਫਿਰਕੇ ਵਿਚ ਲੈ ਆਉਣਾ ਚਾਹੁੰਦਾ ਸਾਂ।......ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਏ ਅਤੇ ਉਸ ਦਾ ਘਰ-ਘਾਟ ਤੇ ਬੱਚੇ ਮੁਰਤਜ਼ਾ ਖ਼ਾਂ ਦੇ ਹਵਾਲੇ ਕਰ ਦਿਤੇ ਜਾਣ ਅਤੇ ਉਸ ਨੂੰ ਸਿਆਸਤ ਯਾਸਾ ਦੇ



www.AKJ.Org

ਕਾਨੂੰਨ ਅਨੁਸਾਰ ਦੰਡ ਦੇਣ।"

ਮੁਰਤਜ਼ਾ ਖਾਂ ਨੇ ਸਤਿਗੁਰੂ ਜੀ ਨੂੰ ਅੰਮ੍ਰਿਤਸਰ ਤੋਂ ਲਾਹੌਰ ਮੰਗਾਇਆ ਅਤੇ ਤਸੀਹੇ ਦੇਣ ਲਈ ਉਨ੍ਹਾਂ ਨੂੰ ਚੰਦੂ ਦੇ ਹਵਾਲੇ ਕਰ ਦਿਤਾ ਗਿਆ। ਚੰਦੂ ਨੇ ਆਪਣੇ ਦਿਲ ਦੀ ਸਾੜ ਕਢਣ ਲਈ ਗੁਰੂ ਪਾਤਸ਼ਾਹ ਦੀ ਦੇਹੀ ਨੂੰ ਕਸ਼ਟ ਦੇਣ ਲਈ ਜੋ ਜੋ ਕਹਿਰ ਕਮਾਏ, ਉਸ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ। ਜੇਠ ਹਾੜ ਦੀ ਤਪਸ਼ ਹੋਵੇ, ਗਰਮ ਲੂਆਂ ਚਲ ਰਹੀਆਂ ਹੋਣ, ਅੱਗ ਦੇ ਭਾਂਬੜ ਮਚਾ ਕੇ ਤਤੀ ਤਵੀ ਉਪਰ ਬਿਠਾਇਆ ਜਾਵੇ, ਉਪਰੋਂ ਸੜਦੀ ਭੁਜਦੀ ਰੇਤ ਦੇ ਕੜਛੇ ਪਾਏ ਜਾਣ, ਫਿਰ ਉਬਲਦੀ ਦੇਗ ਵਿਚ ਉਬਾਲੇ ਦਿਤੇ ਜਾਣ, ਇਹ ਦ੍ਰਿਸ਼ ਜਦ ਅੱਖਾਂ ਸਾਹਮਣੇ ਲਿਆਂਦਾ ਜਾਵੇ ਤਾਂ ਸਰੀਰ ਕੰਬ ਉਠਦਾ ਹੈ।

ਕਰਣੀ ਕਮਾਈ ਵਾਲਾ ਤੇ ਮਹਾਨ ਅਜ਼ਮਤ ਦਾ ਮਾਲਕ, ਸਾਈਂ ਮੀਆਂ ਮੀਰ ਸਤਿਗੁਰੂ ਪਾਤਸ਼ਾਹ ਤੇ ਅਨਿੰਨ ਸ਼ਰਧਾ ਰਖਦਾ ਸੀ। ਇਸ ਵਰਤਾਏ ਗਏ ਭਾਣੇ ਦੀ ਖ਼ਬਰ ਉਸ ਨੂੰ ਹੋਈ ਤਾਂ ਉਹ ਬੜਾ ਕਹਿਰਵਾਨ ਹੋਇਆ ਵਾਹੋ-ਦਾਹੀ ਭਜਾ ਆਇਆ, ਪਰ ਭਾਣੇ ਦੇ ਮਾਲਕ, ਸ਼ਾਂਤ-ਚਿਤ ਮੂਰਤ ਸਤਿਗੁਰੂ ਜੀ ਦੀ ਭਾਣੇ ਅੰਦਰ ਰਹਿਣ ਦੀ ਰਮਜ਼ ਨੂੰ ਵੇਖ ਕੇ ਉਸ ਨੇ ਰਜ਼ਾਈ-ਪ੍ਰਭੂ ਦੀ ਰਜ਼ਾ ਅੰਗੇ ਸੀਸ ਨਿਵਾ ਦਿਤਾ, ਉਸਦਾ ਤਪਦਾ ਹਿਰਦਾ ਸ਼ਾਂਤ ਹੋ ਗਿਆ।

ਸਤਿਗੁਰੂ ਪਾਤਸ਼ਾਹ ਜਨਮ ਮਰਨ ਦੇ ਗੇੜ ਵਿਚ ਜਾਂ ਸਰੀਰਕ ਦੁਖ ਸੁਖ ਭੋਗਣ ਲਈ ਇਸ ਸੰਸਾਰ ਤੇ ਨਹੀਂ ਆਏ ਸਨ, ਸਗੋਂ ਉਹ ਤਾਂ—

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥<br>
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥੫੪॥ (ਪੰਨਾ ੭੪੯)

ਸਤਿਗੁਰੂ ਜੀ ਤਾਂ ਜਲਦੀ ਬਲਦੀ ਪ੍ਰਿਥਵੀ ਦੇ ਜੀਵਾਂ ਦੇ ਦੁਖ ਕਟਣ ਅਤੇ ਜੀਅ-ਦਾਨ ਦੇ ਕੇ ਪ੍ਰਭੂ-ਚਰਨਾਂ ਨਾਲ ਮਿਲਾਉਣ ਲਈ ਆਏ ਸਨ। ਉਹ ਤਾਂ ਭਟਾਂ ਦੇ ਸਵਈਆਂ ਅਨੁਸਾਰ—

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥੧॥੧੬॥ (ਪੰਨਾ ੧੩੯੫)

ਨਦਰਿ-ਨਿਹਾਲੇ ਭੱਟਾਂ ਤੇ ਜਦੋਂ ਸਤਿਗੁਰੂ ਜੀ ਦੀ ਬਖ਼ਸ਼ਸ਼ ਹੋਈ ਤਾਂ ਉਨ੍ਹਾਂ ਦੀ ਦਿਬ-ਦ੍ਰਿਸ਼ਟੀ ਖੁਲ੍ਹ ਗਈ ਤਾਂ ਮਥੁਰਾ ਭਟ ਗੁਰੂ ਪਾਤਸ਼ਾਹ ਦੇ ਇਲਾਹੀ ਦਰਸ਼ਨ ਕਰਦਿਆਂ ਕਹਿ ਉਠਿਆ—

ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥੨॥ (ਪੰਨਾ ੧੪੦੮)

ਫਿਰ ਅਗੇ ਜਾ ਕੇ ਉਹ ਭੱਟ ਕਹਿੰਦਾ ਹੈ—

ਪਰਤਛਿ ਰਿਦੈ ਗੁਰੂ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਕੀਅਉ ॥੫॥ (ਪੰਨਾ ੧੪੦੯)

ਅਤੇ— ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ ॥੭॥ (੧੪੦੯)

ਪਰਤੱਖ ਹਰੀ ਸਰੂਪ ਸਤਿਗੁਰੂ ਜੀ, ਦੇਹੀ ਦਾ ਇਹ ਚੋਲਾ ਪਹਿਨ ਕੇ ਅਸਾਂ ਜੀਵਾਂ ਦੇ ਕਲਿਆਨ ਹਿਤ ਇਹ ਕੌਤਕ ਰਚ ਰਹੇ ਸਨ। ਉਹ ਸਰੀਰ ਦੇ ਦੁਖਾਂ ਸੁਖਾਂ ਦੀ ਪਕੜ ਤੋਂ ਉਪਰ ਸਨ। ਉਨ੍ਹਾਂ ਦੀ ਮਹਾਨ ਆਤਮਾ ਦੇਹੀ ਵਿਚ ਰਹਿੰਦੀ ਹੋਈ ਵੀ ਨਿਰਲੇਪ ਸੀ, ਉਹ ਦੇਹੋਂ ਬਿਦੇਹ ਵਿਚਰਦੇ ਸਨ। ਉਸ ਦੀ ਆਤਮਾ ਪ੍ਰਭੂ-ਚਰਨਾਂ ਵਿਚ ਲੀਨ ਸੀ, ਉਹ ਸਦਾ ਗੁਰੂ ਦੇ ਉਸ ਸ਼ਬਦ ਦੇ ਸੰਗ-ਸਾਥ ਵਸਦੇ ਸਨ, ਜਿਸ ਨੂੰ ਪਾਣੀ ਡੋਬ ਨਹੀਂ ਸਕਦਾ, ਅਗਨੀ ਸਾੜ ਨਹੀਂ ਸਕਦੀ ਅਤੇ ਕੋਈ ਚੋਰ-ਉਚੱਕਾ ਚੁਰਾ ਨਹੀਂ ਸਕਦਾ। ਪੰਚਮ ਪਾਤਸ਼ਾਹ ਨੇ ਧਨਾਸਰੀ ਰਾਗ ਵਿਚ ਇਸ ਦਾ ਜੋ ਨਕਸ਼ਾ ਖਿਚਿਆ ਹੈ, ਉਹ ਸਾਮਰਤੱਖ ਨਜ਼ਰ ਆ ਰਿਹਾ ਹੈ—

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ ॥<br>
ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ ॥੧॥<br>
ਗੁਰ ਕਾ ਬਚਨੁ ਬਸੈ ਜੀਅ ਨਾਲੇ ॥<br>
ਜਲ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥੧॥ਰਹਾਉ॥੩੨॥ (੬੭੯) □



www.AKJ.Org

# ਸ੍ਰੀ ਗੁਰੂ ਅਰਜਨ ਦੇਵ ਜੀ

## ਦੇ ਉਪਕਾਰ-ਕੁਰਬਾਨੀਆਂ ਦਾ ਸਦਕਾ

[ਸਚਖੰਡ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਦਰਸ਼ਨਾਂ ਵਿਚ ਦਸੇ ਗੁਰੂ ਸਾਹਿਬਾਨ ਦੇ ਪਰਤੱਖ ਦਰਸ਼ਨ ਹਨ। ਵਿਸ਼ੇਸ਼ ਕਰ ਸ੍ਰੀ ਗੁਰੂ ਪੰਚਮੇਸ਼ ਸ੍ਰੀ ਗੁਰੂ ਅਰਜਨ ਦੇਵ ਜੀ ਸਾਹਿਬ ਦੇ ਨਿਤਾਪ੍ਰਤੀ ਸਾਂਗੋ ਪਾਂਗ ਦਿਦਾਰੇ ਹੁੰਦੇ ਹਨ। ਪਰ ਸ਼ਰਧਾ ਦੀਆਂ ਜੋਤਾਂ ਵਾਲੇ ਦਿਬ-ਦ੍ਰਿਸ਼ਟ-ਦੀਦਿਆਂ ਨੂੰ, ਅਖੰਡਾਕਾਰ ਲਿਵਤਾਰ ਵਾਲੇ ਜੋਤਿ-ਲਤੀਫ਼ੀ ਲੋਇਣਾਂ ਨੂੰ ਸਤਿਗੁਰੂ ਜੀ ਦੇ ਲਿਵ-ਮਸਤ-ਅਨਿੰਨ ਭਗਤਾਂ ਅਤੇ ਆਤਮ-ਕਮਾਈ ਵਾਲੇ ਪੁਗ ਖਲੋਤੇ ਗੁਰਮੁਖ ਜਨਾਂ ਨੂੰ ਤਾਂ ਹਰ ਛਿਨ ਆਠ ਜਾਮ ਚੌਸਠ ਘੜੀ ਸਨਮੁਖ ਦਿਬ-ਦਰਸਾਰਿਆਂ ਨੂੰ ਨਿਰਖਤ ਹੀ ਬਿਹਾਉਂਦੀ ਹੈ। ਗੁਰਮਤਿ ਨਾਮ ਕਮਾਈ ਵਾਲੇ ਜਗਿਆਸੂ ਸ਼ਰਧਾਵੰਤ ਰਸਕ-ਬੈਰਾਗੀਅੜੇ ਗੁਰਸਿੱਖਾਂ ਦੀ ਆਤਮ-ਬਿਰਤੀ ਨੂੰ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ-ਦਿਦਾਰ ਕਰਦਿਆਂ ਹੋਇਆਂ ਇਹ ਹਲੂਣਾ ਵੱਜ ਜਾਂਦਾ ਹੈ ਕਿ ਕਲਜੁਗ ਦੇ ਸੱਚੇ ਬੋਹਿਥ ਅਤੇ ਅੰਮ੍ਰਿਤ, ਨਾਮ-ਅੰਮ੍ਰਿਤ-ਬਾਣੀ ਦੇ ਭਵਤਾਰਕ ਜਹਾਜ਼ ਗੁਰੂ ਗਰੀਬ-ਨਿਵਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਮੋਲਕ ਦਰਸ਼ਨਾਂ ਦੀ ਦਾਤਿ, ਜੋ ਅਜ ਸਾਨੂੰ ਪ੍ਰਾਪਤ ਹੈ, ਸੋ ਕੇਵਲ ਗੁਰੂ ਅਰਜਨ ਸਾਹਿਬ ਜੀ ਦੀਆਂ ਅਪਰ ਅਪਾਰ ਉਪਕਾਰ-ਕੁਰਬਾਨੀਆਂ ਦਾ ਸਦਕਾ ਹੈ।

ਇਸ ਅਮੋਲਕ ਦਾਤਿ ਬਿਹੂਣ, ਇਸ ਅਮੁੱਲ ਬਖਸ਼ੀਸ਼ ਬਿਹੂਣ, ਇਸ ਅਮੁੱਲ ਨੀਸਾਣ ਬਿਹੂਣ ਇਨਸਾਨੀ ਜਾਮੇ ਦੇ ਸਾਰੇ ਸੰਸਾਰੀ ਜੀਵ ਲੁਛਿ ਲੁਛਿ ਕੇ ਤੇ ਤ੍ਰੱਕ ਤ੍ਰੱਕ ਕੇ ਮਰ ਜਾਂਦੇ ਅਤੇ ਮਰ ਕੇ ਰਸ ਤਲ ਨੂੰ ਚਲੇ ਜਾਂਦੇ। ਜੀਵਾਂ ਦੀ ਗਤਿ ਮੁਕਤਿ ਕਲਿਆਣ ਉਧਾਰ ਦਾ ਦਰਵਾਜ਼ਾ ਹਮੇਸ਼ਾ ਲਈ ਬੰਦ ਹੋ ਜਾਂਦਾ। ਗੁਰਸਿੱਖੀ ਦਾ ਜੀਵਨ ਹੀ ਸਫ਼ਹ-ਏ-ਹਸਤੀ ਤੋਂ ਮਿਟ ਜਾਂਦਾ। ਅਰਸ਼ਾਂ ਤੋਂ ਆਈ ਅੰਮ੍ਰਿਤ ਬਾਣੀ ਦਾ ਸਰਸ਼ਾਰ ਸੋਮਾ ਹਮੇਸ਼ਾ ਲਈ ਲੁਪਤ ਗੁਪਤ ਹੋ ਜਾਂਦਾ।

ਉਰਵਾਰ ਪਾਰ ਦੇ ਦਾਨੀ ਅਤੇ ਆਗਮ ਨਿਗਮ ਦੇ ਜਾਨਣਹਾਰੇ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੇ ਕਲੀਕਾਲ ਦੇ ਭਵਿਖਤ ਤੋਂ ਭਲੀ ਭਾਂਤ ਬੁਝ ਕੇ ਸੰਸਾਰੀ ਜੀਵਾਂ ਨੂੰ ਭਵ-ਸਾਗਰ ਨੂੰ ਤਾਰਨ ਹਿਤ ਸਭ ਤੋਂ ਭਾਰਾ ਉਪਕਾਰ ਇਹ ਕੀਤਾ ਕਿ ਗੁਰਬਾਣੀ ਦੀਆਂ ਸਮੱਗਰ ਸੰਚੀਆਂ ਨੂੰ ਇਕੱਤ੍ਰ ਕਰ ਕੇ ਸਮੂਹ ਗੁਰਬਾਣੀ

---

□ ਸਤਿਗੁਰੂ ਅਰਜਨ ਦੇਵ ਜੀ ਤੋਂ ਕੁਰਬਾਨ ਹੋਣ ਵਾਲੇ ਭਾਈ ਗੁਰਦਾਸ ਜੀ ਵੀ ਇਸ ਅੰਤਮ ਝਾਕੀ ਦੇ ਦਰਸ਼ਨ ਦਾ ਜ਼ਿਕਰ ਇਉਂ ਕਰਦੇ ਹਨ—

ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ ॥
ਚਰਨ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ ॥
ਗੁਰ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖਿ ਵਖਾਣੀ ॥ (੨੪/੨੩)

ਸਤਿਗੁਰੂ ਜੀ ਅਸਾਂ ਮਾਇਆ-ਵੇੜ੍ਹੇ, ਦੇਹੀ ਦੇ ਦੁਖਾਂ ਸੁਖਾਂ ਵਿਚ ਲਿਬੜੇ ਸੰਸਾਰੀ ਜੀਵਾਂ ਲਈ ਅਲੌਕਿਕ ਕੁਰਬਾਨੀ ਦੇ ਕੇ, ਪ੍ਰਭੂ ਦੀ ਰਜ਼ਾ ਵਿਚ ਵਿਚਰਨ ਦਾ ਪੂਰਨਾ ਪਾ ਕੇ, ਸ਼ਹੀਦੀ ਦੀ ਉਚੀ ਸੁਚੀ ਪਰੰਪਰਾ ਕਾਇਮ ਕਰ ਗਏ।

ਅੰਤ 'ਯਾਸਾ' ਦੇ ਕਾਨੂੰਨ ਅਨੁਸਾਰ ਦੁਸ਼ਟਾਂ ਦੋਖੀਆਂ ਵਲੋਂ ਆਪ ਜੀ ਨੂੰ ਰਾਵੀ ਦਰਿਆ ਤੇ ਲਿਆਂਦਾ ਗਿਆ ਅਤੇ ਆਪ ਜੀ—

ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥੮॥੧੧॥

(ਸੁਖਮਨੀ ਸਾਹਿਬ)



www.AKJ.Org

ਦੀ ਬੀੜ ਬੱਧੀ। ਅਤੇ ਸ੍ਰੀ ਗ੍ਰੰਥ ਸਾਹਿਬ ਜੀ ਨੂੰ ਗੁਰੂ ਸਰੂਪ ਜਣਾਇ ਕੇ, ਗੁਰੂ ਪੂਜਾ ਗੁਰਬਾਣੀ ਦਾ ਧੁਰਵਾ ਬੰਨ੍ਹਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਹੱਥੀਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਸਥਾਪਨ ਕੀਤਾ। ਅਸਥਾਪਨ ਹੋਣ ਵਾਲੇ ਅਵਸਰ ਤੋਂ ਹੀ ਗੁਰੂ ਸ੍ਰੀ ਗ੍ਰੰਥ ਸਾਹਿਬ ਜੀ ਦੀ ਪੂਜਾ ਪ੍ਰਤਿਸ਼ਟਾ ਗੁਰੂ ਦੇ ਸੱਚੇ ਸਰੂਪ ਵਿਚ ਹੋਣੀ ਅਰੰਭ ਹੋ ਗਈ। ਨਾਦੀ ਬਿੰਦੀ ਸੋਢਬੰਸ ਖਾਲਸਾ ਗੁਰੂ ਆਪਣੇ ਅਸਲ ਸਰੂਪ ਵਿਚ ਉਸੇ ਦਿਨ ਤੋਂ ਗੁਰਧਾਮੀ ਮਰਕਜ਼ ਵਿਖੇ ਅਸਥਿਤ ਹੋ ਗਿਆ। ਗੁਰੂ ਦੀ ਗੁਰੱਤਤਾ, ਸੱਚੀ ਗੁਰਤੱਤਾ ਸੰਦੀ ਨਿਹਚਲ ਨੀਂਵ ਗੁਰੂ ਅਰਜਨ ਸਾਹਿਬ ਜੀ ਨੇ ਜੁਗਾਂ ਪ੍ਰਯੰਤ ਮੁਹਕਮ ਰਹਿਣ ਲਈ ਉਸਾਰ ਦਿੱਤੀ। ਅਤੇ ਡੰਕੇ ਦੀ ਚੋਟ ਨਾਲ ਇਸ ਗੱਲ ਨੂੰ ਦ੍ਰਿੜ੍ਹਾਏ ਪ੍ਰਗਟਾਏ ਦਿਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਅੱਜ ਤੋਂ ਸੱਚਾ ਗੁਰੂ ਜੁਗੋ ਜੁਗ ਅਤੇ ਜੁਗਾਂ ਪ੍ਰਯੰਤ ਅਵਤਾਰ ਧਾਰੀ ਰਖੇਗਾ।

ਭਾਈ ਗੁਰਦਾਸ ਜੀ ਦੇ ਮਹਾਂ ਵਾਕ "ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ"* ਦੇ ਅਸਲ ਅਰਥ ਇਹੋ ਹਨ ਕਿ ਗੁਰੂ ਅਰਜਨ ਦੇਵ ਜੀ ਮਹਾਰਾਜ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਧਰੀ ਹੋਈ, ਸੱਚੇ ਗੁਰੂ ਅਵਤਾਰ ਦੀ ਧਰੀ ਹੋਈ ਨੀਂਹ ਅਜ਼ਲ ਤੋਂ ਅਬਦ ਤਾਈਂ ਧਰੀ ਹੀ ਰਹੇਗੀ। ਨਿਹਚਲ ਨੀਂਹ ਜੁ ਹੋਈ। ਇਸ ਸੋਢਬੰਸ ਖਾਲਸੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚੇ ਸਰੂਪ ਵਿਚ ਚਲੀ ਹੋਈ ਸੋਢਬੰਸ ਦੀ ਪੀੜ੍ਹੀ ਸਦਾ ਲਈ ਚਲੀ ਰਹੇਗੀ। ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚੇ ਖਾਲਸਾ (ਸੋਢਬੰਸ) ਗੁਰੂ ਸਰੂਪ ਵਿਚ ਹੀ ਓਤਿ ਪੋਤਿ ਬਿੰਦੀ ਨਾਦੀ ਬੰਸ ਅਵਤਾਰੀ ਗੁਰੂ ਪਾਤਸ਼ਾਹੀਆਂ ਦੇ ਦਿਬ ਜੋਤਿ ਜਾਮੇ, ਜਗਿਆਸੂ-ਸਿੱਖ-ਭਗਤ ਦੀ ਸ਼ਰਧਾ-ਭਾਵਨੀ ਅਨੁਸਾਰ ਹਰ ਜ਼ਮਨੇ ਵਿਚ ਹਰ ਸਮੇਂ ਹਰ ਛਿਨ ਜਦੋਂ ਚਾਹੋ, ਬਾਰੰਬਾਰ ਆਪਣਾ ਜੋਤਿ ਸਰੂਪ ਰੂਪ ਦਰਸਾਉਂਦੇ ਰਹਿਣਗੇ।

ਭਾਈ ਗੁਰਦਾਸ ਜੀ ਦੇ "ਚਲੀ ਪੀੜੀ ਸੋਢੀਆਂ ਰੂਪੁ ਦਿਖਾਵਣਿ ਵਾਰੋ ਵਾਰੀ"* ਵਾਲੇ ਵਾਕ ਦੇ ਵਾਸਤਵੀ ਭਾਵ ਅਰਥ ਇਹੋ ਹਨ ਜੋ ਉਪਰ ਦਰਸਾਏ ਗਏ ਹਨ। ਗੁਰੂ ਅਰਜਨ ਸਾਹਿਬ ਜੀ ਨੇ ਮਹਾਂ ਉਪਕਾਰ ਕਰ ਕੇ ਬਨਾਵਟੀ ਦੇਹਧਾਰੀ ਗੁਰੂਆਂ ਦਾ ਟੰਟਾ ਹੀ ਮੁਕੱ ਦਿਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤੱਤਾ ਦਾ ਜਨਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਰਿਮੰਦਰ ਸਾਹਿਬ ਵਿਖੇ ਅਸਥਾਪਨ ਹੋਣ ਦੇ ਦਿਨ ਤੋਂ ਹੀ ਹੋ ਚੁਕਾ ਸੀ। ਕੇਵਲ ਗੁਰੱਤਤਾਵੀ ਪ੍ਰਗਟ ਪਦਵੀ, ਜੁਗੋ ਜੁਗੁ ਅਟੱਲ ਪਦਵੀ ਦੀ ਰਸਮ ਹੀ ਬਾਕੀ ਸੀ, ਜੋ ਅਟੱਲ ਭਾਣੇ ਅੰਦਰ ਸ੍ਰੀ ਦਸਮੇਸ਼ ਗੁਰੂ ਪਾਤਸ਼ਾਹ ਨੇ ਆਪਣੇ ਗੁਰੂ ਜਾਮੇ ਦੀ ਅਵਧੀ ਪਸਚਾਤ ਹੀ ਅਦਾ ਕਰਨੀ ਸੀ। ਜੈਸੇ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦੇਹ ਜਾਮੇ ਅੰਦਰ ਗੁਰੱਤਤਾ ਦੀ ਅੰਸ਼ ਅਮਰ ਦਾ ਅਵਤਾਰ (ਜਨਮ) ਤਾਂ ਚਿਰੋਕਣਾ ਪਹਿਲਾਂ ਹੀ ਹੋ ਚੁਕਾ ਸੀ। ਪ੍ਰੰਤੂ ਭਾਣੇ ਅੰਦਰ ਦੋ ਗੁਰੂ ਪਾਤਸ਼ਾਹ ਜਾਮੇ ਭੁਗਤਣ ਪਸਚਾਤ ਹੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਗੁਰੂ ਪਦਵੀ ਮਿਲਣੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਾਮੇ ਨੂੰ ਅਵਤਾਰ ਦਿਤਾ ਤਾਂ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਦਿਤਾ। ਅਤੇ ਇਹ ਐਸਾ ਸਫਲ-ਜਨੰਮਾ ਜਨਮ ਹੈ ਜੋ ਨਿਰੋਲ ਨਾਦ-ਅੰਸੀ ਅਵਤਾਰ ਹੋਣ ਕਰਿ ਸਦਾ ਅਬਿਨਾਸ਼ੀ ਹੈ।

ਅੱਜ ਅਸੀਂ ਸੱਚੀ ਫ਼ਖ਼ਰ ਭਰੀ ਗੌਰਵਤਾ ਸਹਿਤ ਕਹਿਣ ਦਾ ਅਧਿਕਾਰ ਰਖਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਾਜ਼ਰ ਹਜ਼ੂਰ, ਜ਼ਾਹਰ ਜ਼ਹੂਰ ਅਤੇ ਪ੍ਰਗਟ ਸਰੂਪ ਵਿਚ ਦਸੋਂ ਗੁਰੂ ਪਾਤਸਾਹੀਆਂ ਦਾ ਪਰਤੱਖ ਸਰੂਪ ਹਾਜ਼ਰ ਨਾਜ਼ਰ ਹੈ ਅਤੇ ਜੁਗਾਂ ਪ੍ਰਯੰਤ ਹਾਜ਼ਰ ਨਾਜ਼ਰ ਰਹੇਗਾ। ਸ੍ਰੀ ਗੁਰੂ ਅਰਜਨ ਸਾਹਿਬ ਜੀ ਜੇਕਰ ਇਹ ਅੱਜ ਉੱਚਾ ਉਪਕਾਰ ਨਾ ਕਰਦੇ ਤਾਂ ਅੱਜ ਦਸਾਂ ਪਾਤਸ਼ਾਹੀਆਂ ਦੀ ਜ਼ਾਹਰ ਜ਼ਹੂਰਤਾ ਅਤੇ ਹਾਜ਼ਰ ਨਾਜ਼ਰਤਾ ਦਾ ਅਬਿਨਾਸ਼ੀ ਅਨੰਦ ਅਸੀਂ ਕਦੇ ਨਾ ਮਾਣ ਸਕਦੇ। ਗੁਰੂ ਰੂਪ ਬਾਣੀ ਦੇ ਵਜੂਦ ਪ੍ਰਭਾਵ ਕਰਿ ਹੀ ਗੁਰੂ ਦਾ ਜੋਤਿ-ਸਰੂਪੀ ਪਰਤੱਖ ਸਰੂਪ ਪ੍ਰਗਟ ਪਾਹਾਰੇ ਜਾਪਦਾ ਹੈ। ਗੁਰੂ ਉਪਦੇਸ਼ ਰੂਪੀ ਗੁਰਬਾਣੀ ਦਾ ਸਰੂਪ ਹੀ ਜੇਕਰ ਅਸਾਥੋਂ ਅਲੋਪ ਗੋਪ ਹੋ ਜਾਂਦਾ ਤਾਂ ਗੁਰੂ-ਹਿਰਦਾ ਸਾਡੇ ਤੀਕ ਕੀਕੂੰ ਅੱਪੜਦਾ! ਗੁਰੂ

* ਭਾਈ ਗੁਰਦਾਸ ਜੀ, ਵਾਰ ੧, ਪਉੜੀ ੪੮



www.AKJ.Org

ਸਾਹਿਬਾਨ ਦੀ ਇਹ ਨਿਜ ਸਰੂਪੀ ਯਾਦ ਸਾਡੇ ਤੀਕ ਕੀਕੂੰ ਅੱਪੜਦੀ ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਜੂਦ ਦੀ ਅਟੱਲਤਾ ਅੰਦਰ ਦਸੇ ਗੁਰੂ ਪਾਤਸ਼ਾਹੀਆਂ ਦੀ ਨਿਜ ਸਰੂਪੀ ਅਟੱਲ ਤੇ ਵਿਸ਼ੇਸ਼ ਕਰਿ ਇਹ ਅਟੱਲਤਾ ਕਾਇਮ ਹੈ ਅਤੇ ਗੁਰੂ ਸਾਹਿਬਾਨ ਦੀ ਯਾਦ ਭੀ ਅਟੱਲ ਹੈ।

ਇਸ ਅਟੱਲਤਾ ਅਤੇ ਕਾਇਮੀ ਖ਼ਾਤਰ ਹੀ ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਨੇ ਸਦਾ ਅਟੱਲ ਰਹਿਣ ਵਾਲੀ ਕੁਰਬਾਨੀ ਦੇ ਪੂਰਨੇ ਪਾਏ । ਕੁਰਬਾਨੀ ਭੀ ਉਹ, ਜਿਸ ਦੀ ਮਿਸਾਲ ਸਿਵਾਏ ਗੁਰੂ ਘਰ ਦੇ ਹੋਰ ਕਿਤੇ ਨਹੀਂ ਮਿਲਦੀ। ਅਦੁਤੀ ਕੁਰਬਾਨੀ ਦੁਆਰਾ ਅਦੁਤੀ ਅਟੱਲਤਾ ਦਾ ਮੇਅਰਾਜ ਪ੍ਰਾਪਤ ਹੋਇਆ ਤਾਂ ਕੇਵਲ ਗੁਰੂ ਅਰਜਨ ਦੇਵ ਜੀ ਨੂੰ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅੱਖਰ ਅੱਖਰ ਸਾਨੂੰ ਸੱਚੀ ਕੁਰਬਾਨੀ ਦਾ ਸਬਕ ਸਿਖਾਉਂਦਾ ਹੈ। ਸਚ ਪੁਛੋ ਤਾਂ ਗੁਰਬਾਣੀ, ਗੁਰ-ਸ਼ਬਦ ਕਮਾਇਆਂ ਹੀ ਸੱਚੀ ਕੁਰਬਾਨੀ ਦੀ ਆਤਮ-ਜਾਗ ਲਗਦੀ ਹੈ। ਕੁਰਬਾਨੀ ਦੀ ਸੱਚੀ ਸਪਿਰਟ (spirit) ਹੀ ਗੁਰਸਿੱਖੀ ਦੀ ਕਮਾਈ ਵਿਚ ਹੈ। ਇਹ ਗੁਰਬਾਣੀ ਗੁਰ-ਸ਼ਬਦ ਦੀ ਕਮਾਈ ਹੀ ਹੈ ਜੋ ਜਗਿਆਸੂ ਦੇ ਆਤਮਾ ਨੂੰ ਜੀਵਨ-ਜਾਗ ਲਾਉਂਦੀ ਹੈ। ਇਹ ਗੁਰੂ-ਸ਼ਬਦ, ਗੁਰਮਤਿ ਨਾਮ ਦੀ ਅਭਿਆਸ ਕਮਾਈ ਹੀ ਹੈ ਜੋ ਆਤਮਾ ਨੂੰ ਜੋਤਿ-ਜਗੰਨੇ ਰੰਗ ਲਾਉਂਦੀ ਹੈ ਅਤੇ ਲਾਈ ਰਖਦੀ ਹੈ ਅਤੇ ਲਾ ਕੇ ਖਿੜਾਈ ਰਖਦੀ ਹੈ। ਆਤਮ-ਰੰਗਾਂ ਦੇ ਖੇੜੇ ਵਿਚ ਹੀ ਸੱਚੀ ਕੁਰਬਾਨੀ ਦੇ ਸੱਚੇ ਪੂਰਨੇ ਪੈ ਸਕਦੇ ਹਨ । ਆਤਮ-ਰੰਗਾਂ ਦੇ ਖਿੜਾਉ ਵਿਚ ਸੱਚੀ ਸੂਰਮਤਾਈ ਦੀ ਸਪਿਰਿਟ ਪਰਜੁਲਤ ਹੁੰਦੀ ਹੈ। ਆਤਮ-ਰੰਗ ਲਗੇ ਬਾਝੋਂ ਕੋਈ ਪ੍ਰਾਣੀ ਸੂਰਾ (ਸੂਰਮਾ) ਨਹੀਂ ਬਣ ਸਕਦਾ। ਆਹ ! ਕੈਸਾ ਸੋਹਣਾ ਗੁਰਵਾਕ ਸੂਰਮੇ ਬਣਾਉਣ ਵਾਲਾ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਉਚਾਰਨ ਕੀਤਾ ਹੈ, ਯਥਾ ਗੁਰਵਾਕ:–

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥ (੪॥੩੫)

ਧਨਾਸਰੀ ਮ: ੫, ਪੰਨਾ ੬੮੦

ਇਸ ਗੁਰਵਾਕ ਦਾ ਸਪੱਸ਼ਟ ਭਾਵ ਹੈ ਕਿ ਸੱਚਾ ਸੂਰਮਾ ਸੋਈ ਹੈ ਜਿਸ ਨੂੰ ਇਸ ਜੁਗ ਵਿਖੇ, ਅਰਥਾਤ, ਇਸ ਜ਼ਮਾਨੇ ਅੰਦਰਿ ਹਰਿ-ਰੰਗ, ਸੱਚੇ ਨਾਮ ਦਾ ਰੰਗ ਲਗਿਆ ਹੈ। ਸੱਚੇ ਪਰਮਾਤਮੀ ਰੰਗ ਆਤਮ ਕਮਾਈਆਂ ਕਰਿ ਹੀ ਲਗਦੇ, ਲਗ ਸਕਦੇ ਹਨ। ਨਾਮ ਅਭਿਆਸ ਦੀ ਕਮਾਈ ਹੀ ਸੱਚੀ ਆਤਮ-ਕਮਾਈ ਹੈ । ਕੂੜਾਵੇ ਵੇਦਾਂਤੀਆਂ ਵਾਲੀ ਗਲੀਂ ਬਾਤੀਂ ਇਹ ਡੀਂਗ ਮਾਰਨਾ ਕਿ 'ਸਰਬ ਜੀਵੋਂ ਮੇਂ ਅਪਨੀ ਆਤਮਾ ਕਾ ਭਾਸ ਅਨਮਾਨ ਕਰੋ' ਇਹ ਫੋਕਟ ਆਤਮ-ਗਿਆਨ ਦੀ ਚੁੰਦ-ਚਰਚਾ ਹੈ। ਨਾਮ ਦੀ ਅਭਿਆਸ ਕਮਾਈ ਦੁਆਰਾ ਆਤਮ ਜੋਤਿ ਨੂੰ ਪਰਤੱਖ ਸਾਂਗੋ-ਪਾਂਗ ਲਖਣਾ ਅਤੇ ਇਸ ਬਿਧਿ ਰਸ-ਜੋਤਿ-ਰੰਗਾਂ ਵਿਚ ਲੀਨ ਹੋ ਕੇ ਦੇਹੋਂ ਬਦੇਹ ਹੋ ਜਾਣਾ ਇਹ ਸੱਚੀ ਆਤਮ ਕਮਾਈ ਵਾਲੀ ਬਿਵਸਥਾ ਹੈ । ਆਤਮ ਰੰਗਾਂ ਵਿਚ ਰੱਤ ਕੇ ਹੀ ਸੱਚੀ ਕੁਰਬਾਨੀ ਹੋ ਸਕਦੀ ਹੈ ਅਤੇ ਸੱਚੀ ਸੂਰਮਤਾਈ ਵਾਲੀ ਗਤ ਬਿਵਸਥਾ ਪ੍ਰਾਪਤ ਹੋ ਸਕਦੀ ਹੈ। ਐਵੇਂ ਨਹੀਂ। ਆਤਮ ਰੰਗਾਂ ਵਿਚ ਰੰਗੀਜ ਕੇ ਹੀ ਸਰੀਰ ਉਤੇ ਬਿਕਰਾਲ ਕਸ਼ਟਾਂ ਦੇ ਸਹਾਰਨ ਵਾਲੀ ਸਹਿਨ-ਸ਼ੀਲਤਾ ਸੰਪੰਨ ਸੱਚੀ ਰੂਹ ਆਤਮਾ ਅੰਦਰ ਪ੍ਰਵੇਸ਼ ਹੁੰਦੀ ਹੈ । ਆਤਮ-ਰੰਗਾਂ ਵਾਲੇ ਨਾਮ ਤ੍ਰੰਗੀ ਅਭਿਆਸੀ ਜਨ ਨੂੰ ਦੇਹ ਅਧਿਆਸ ਹੀ ਨਹੀਂ ਰਹਿੰਦਾ। ਸਰੀਰ ਦੇ ਕਸ਼ਟ ਤਸੀਹੇ ਪੋਂਹਦੇ ਨਹੀਂ, ਮਹਿਸੂਸ ਹੀ ਨਹੀਂ ਹੁੰਦੇ, ਕਿਉਂਕਿ ਬਿਰਤੀ ਤਾਂ ਆਤਮ-ਰੰਗਾਂ ਵਿਚ ਅਰੂੜ ਹੋਈ ਹੁੰਦੀ ਹੈ । ਸਰੀਰ ਦੇ ਦੁਖ-ਕਲੇਸ਼ਾਂ ਦੇ ਅਹਿਸਾਸ ਦੀ ਓਥੇ ਗੰਮਤਾ ਹੀ ਨਹੀਂ । ਮਰਨ ਜੀਵਣ ਦਾ ਓਥੇ ਸੰਸਾ ਹੀ ਨਹੀਂ। ਜੀਵਣ-ਮੁਕਤਿ ਬਿਵਸਥਾ ਦੀ ਅਉਜ (ਸਿਖਰਲੇ ਡੰਡੇ) ਦੀ ਮੌਜ-ਰੰਗ-ਰਲੀਆਂ ਮਾਨਣਹਾਰੇ ਸਤਿਗੁਰੂ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੂੰ ਬੜੇ ਬੜੇ ਬਿਕਰਾਲ ਕਸ਼ਟ ਤਸੀਹੇ ਦਿਤੇ ਗਏ; ਪਰ ਗੁਰੂ ਸਾਹਿਬ ਆਤਮ-ਰੰਗ ਵਿਚਿ ਅਡੋਲ, ਕੇਵਲ ਆਤਮ-ਬਲ ਕਰਕੇ ਇਨ੍ਹਾਂ ਕਸ਼ਟਾਂ ਤੋਂ ਅਲੇਪ ਰਹੇ । ਸੱਚੀ ਸ਼ਾਂਤਮਈ ਅਤੇ ਸਹਿਨ-ਸੀਲਤਾ ਦੀ ਅਤਿ ਉਚ


www.AKJ.Org

ਅਵਸਥਾ ਹੈ, ਜਿਸ ਨੂੰ ਨਾਮ-ਰੰਗੋਂ ਘੁਥੇ ਅਲਪੱਗ ਇਨਸਾਨ ਆਤਮ ਮੌਜ-ਅਵਸਥਾ ਤੋਂ ਉਰੇ ਜੰਤ ਕਦੇ ਨਹੀਂ ਪਹੁੰਚ ਸਕਦੇ। ਅੱਜ ਹੱਠ-ਕਰਮੀਆਂ ਵਾਲੀ ਸ਼ਾਂਤਮਈ ਦੀਆਂ ਥੋਥੀਆਂ ਤੋਤਾ-ਕਹਾਣੀਆਂ ਤੁਰ ਪਈਆਂ ਹਨ। ਗੁਰੂ ਅਰਜਨ ਸਾਹਿਬ ਜੀ ਨੇ ਸੱਚੀ ਸ਼ਾਂਤਮਈ, ਸੱਚੀ ਸਹਿਨ-ਸ਼ੀਲਤਾ ਅਤੇ ਸੱਚੀ ਸੂਰਮਤਾਈ ਦਾ ਸੁੱਚਾ ਪੂਰਨਾ ਪਾ ਕੇ ਪਰਤੱਖ ਦਿਖਾਇਆ, ਜਿਸ ਨੂੰ ਕੋਈ ਫੋਕਟ ਹੱਠ-ਕਰਮੀ ਸ਼ਾਂਤਮਈ ਦਾ ਚੁੰਚ-ਕਥਨੀਆ ਗੀਫ਼ਾਰਮਰ ਨਹੀਂ ਪਹੁੰਚ ਸਕਦਾ।

ਸੋ ਆਤਮ ਬਿਵਸਥਾ ਦੇ ਰੰਗਾਂ ਵਾਲੀ ਸਿਰ ਧੜਾਂ ਦੀ ਬਾਜ਼ੀ ਜਿੱਤਣ ਵਾਲੇ ਦੇ ਵਸਿਗਤ ਸਭ ਤਾਕਤਾਂ ਹੋ ਜਾਂਦੀਆਂ ਹਨ। ਪਰ ਇਹ ਉਸ ਵਡਭਾਗੇ ਜੰਤ ਨੂੰ ਖੇਡ ਬਣਿ ਆਂਵਦੀ ਹੈ ਜਿਸ ਨੇ ਪੂਰਾ ਸਤਿਗੁਰੂ ਧਾਰਨ ਕੀਤਾ ਹੋਇਆ ਹੁੰਦਾ ਹੈ। ਅਰਥਾਤ, ਜੋ ਨਿਗੁਰਾ ਨਹੀਂ ਹੁੰਦਾ। "ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ" ਅਰਥਾਤ, ਸਤਿਗੁਰੂ ਦੇ ਸਿੱਖਾਂ ਨੂੰ ਹੀ ਆਤਮ ਬਿਵਸਥਾ ਪ੍ਰਾਪਤ ਹੋ ਸਕਦੀ ਹੈ। ਨਾਮੋਂ ਘੁਥੇ ਨਿਗੁਰਿਆਂ ਨੂੰ ਇਹ ਰੰਗ ਕਿਥੋਂ ?

ਧੰਨ ਸੱਚਾ ਪਾਤਸ਼ਾਹ ਗੁਰੂ ਅਰਜਨ ਸਾਹਿਬ ! ਜਿਸ ਦੇ ਪ੍ਰਤਾਪ ਕਰਕੇ ਨਾਮ ਦੀ, ਗੁਰਬਾਣੀ ਦੀ, ਗੁਰ-ਸ਼ਬਦ ਦੀ ਸੱਚੀ ਅਮਰੀ ਦਾਤਿ ਸਾਡੇ ਤਾਈਂ ਅਪੜੀ। ਜਿਸ ਦੀ ਕਮਾਈ ਕਰਿ ਗੁਰੂ ਪੰਥ ਅੰਦਰ ਅਦੁਤੀ ਕੁਰਬਾਨੀਆਂ ਵਾਲੇ ਗੁਰਸਿੱਖ ਸ਼ਹੀਦ ਅਨੇਕਾਂ ਦੀ ਗਿਣਤੀ ਵਿਚ ਪੈਦਾ ਹੋਏ ਅਤੇ ਅਣਗਿਣਤ ਹੀ ਅੱਗੇ ਨੂੰ ਪੈਦਾ ਹੁੰਦੇ ਰਹਿਣਗੇ। ਅਣਗਿਣਤ ਲਾਸਾਨੀ ਕੁਰਬਾਨੀਆਂ ਜੋ ਅੱਜ ਤਾਈਂ ਗੁਰੂ ਘਰ ਵਿਚ ਹੋਈਆਂ ਅਤੇ ਅਗੇ ਨੂੰ ਹੋਣਗੀਆਂ, ਉਹ ਗੁਰੂ ਅਰਜਨ ਸਾਹਿਬ ਦੀ ਬਖਸ਼ੀ ਅਮੋਘ ਦਾਤਿ ਦਾ ਸਦਕਾ ਹਨ। ਗੁਰੂ ਸਾਹਿਬ ਗੁਰੂ ਪੰਚਮ ਪਾਤਸ਼ਾਹ ਦੀਆਂ ਹੋਰ ਅਨੇਕ ਅਦਿਭੁਤ ਉਪਕਾਰ-ਕਰਨੀਆਂ ਹਨ, ਜਿਨ੍ਹਾਂ ਨੂੰ ਵਰਣਨ ਕਰਦਿਆਂ ਬੜਾ ਵਿਸਥਾਰ ਹੋ ਜਾਂਦਾ ਹੈ। ਸਮਾਂ ਥੋੜਾ ਅਤੇ ਸੰਕੋਚ ਦਾ ਖ਼ਿਆਲ ਲੈ ਕੇ ਏਥੇ ਹੀ ਬਸ ਕਰਨਾ ਪਿਆ।

["ਗੁਰਮਤਿ ਪ੍ਰਕਾਸ਼" ਪੁਸਤਕ ਵਿਚੋਂ

---

[੧੬ ਸਫ਼ੇ ਦੀ ਬਾਕੀ]

ਹੋ ਜਾਂਦੇ ਹਨ ਕਿ ਲਗਾਂ-ਮਾਤਰਾਂ ਵਿਚ ਅਰਥ ਲੁਪਤ ਹਨ, ਪ੍ਰੰਤੂ ਇਨ੍ਹਾਂ ਦੇ ਉਚਾਰਨ ਵਿਰੁਧ ਆਪਣੀ ਕੁਮਤਿ ਦੀ ਡਾਂਗ ਖੜੀ ਕਰ ਲੈਂਦੇ ਹਨ। ਹਰ ਸਿਖ ਨੂੰ ਗੁਰਬਾਣੀ ਦਾ ਅਦਬ ਦਰਕਾਰ ਹੈ।

ਉਪ੍ਰੋਕਤ ਉਲਟੀ ਸਿਖਿਆ ਦੇਣਹਾਰੇ ਆਮ ਲੋਕਾਈ ਦੀ ਪ੍ਰਸੰਸਾ ਭਾਲਦੇ ਹਨ। ਆਮ ਦੁਨੀਆ ਬਾਰੇ ਸਤਿਗੁਰੂ ਜੀ ਦਸਦੇ ਹਨ—

"ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ ॥" (ਪੰਨਾ ੫੯੩)

ਇਹ ਲੋਕ ਖ਼ੁਦ ਤਾਂ ਵਿਦਵਾਨ ਬਣਦੇ ਹਨ। ਸਮਝਦੇ ਹਨ, ਅਸੀਂ ਗੁਰਬਾਣੀ ਨੂੰ ਸਹੀ ਸਮਝਦੇ ਹਾਂ, ਅਸੀਂ ਗੁਰਬਾਣੀ ਅੰਦਰਿ ਵਰਤੀਆਂ ਲਗਾਂ-ਮਾਤ੍ਰਾਂ ਦੇ ਆਸ਼ੇ ਤੇ ਅਰਥਾਂ ਨੂੰ ਸਮਝਦੇ ਹਾਂ ਪਰ ਕਿਉਂਕਿ ਇਨ੍ਹਾਂ ਦੇ ਉਚਾਰਨ ਵਿਚ ਕੁਝ ਔਖਿਆਈ ਪੇਸ਼ ਆਉਂਦੀ ਹੈ, ਮਿਹਨਤ ਦੀ ਲੋੜ ਪੈਂਦੀ ਹੈ, ਉਸਨੂੰ ਸਹਿਨ ਕਰਨ ਲਈ ਉਹ ਤਿਆਰ ਨਹੀਂ। ਕੋਈ ਪੁੱਛੇ ਇਨ੍ਹਾਂ ਨੂੰ, ਭਈ ਜੇ ਤੁਸੀਂ ਲਗਾਂ-ਮਾਤ੍ਰਾਂ ਵਿਚ ਅਰਥ ਤੇ ਆਸ਼ਾ ਭਰਪੂਰ ਹੋਇਆ ਸਮਝਦੇ ਹੋ ਤਾਂ ਗੁਰਬਾਣੀ ਦੇ ਭਾਵਾਂ ਨੂੰ ਸਮਝਣ ਦਾ ਹੱਕ ਕੀ ਸਰੋਤਿਆਂ ਨੂੰ ਨਹੀਂ ਹੈ ? ਫਿਰ "ਕੋ ਜਾਣੈ ਗੁਰੁ ਸੂਰਾ" ਦੀ ਇਕ ਲਾਂ ਵਲੋਂ ਅਣਗਹਿਲੀ ਕਰਨ ਨਾਲ ਅਰਥ ਦੇ ਅਨਰਥ ਹੋ ਜਾਂਦੇ ਹਨ, ਤਾਂ '—' ਜਾਂ 'ਿ' ਦੇ ਉਚਾਰਨ ਵਲੋਂ ਅਣਗਹਿਲੀ ਕਰਨ ਨਾਲ ਅਰਥ ਦੇ ਅਨੱਰਥ ਨਹੀਂ ਹੋਂਦੇ।

ਸੋ ਗੁਰੂ ਪਿਆਰਿਓ, ਅਦਬ ਵਿਚ ਆਓ, ਹਰ ਲਗੀ ਹੋਈ ਲੱਗ ਨੂੰ ਉਚਾਰਨ ਵਿਚ ਲਿਆਓ, ਗ਼ਲਤ ਪਰਚਾਰ ਦੇ ਅਸਰ ਹੇਠ ਨਾ ਆਓ ਅਤੇ ਗੁਰੂ ਕੀਆਂ ਖੁਸ਼ੀਆਂ ਦੇ ਪਾਤਰ ਬਣੋ।



www.AKJ.Org

# ਕੀਰਤਨ ਗੁਰੂ ਜੀ ਨੂੰ ਸੁਣਾਈਦਾ ਹੈ

[ਡਾਕਟਰ ਤੇਜਇੰਦਰ ਸਿੰਘ ਜੀ]

ਕੀਰਤਨ ਗੁਰਦੁਆਰੇ ਵਿਚ, ਧਰਮਸਾਲਾ ਵਿਚ ਜਾਂ ਬਾਹਰ ਜਿਥੇ ਕਿਥੇ ਵੀ ਹੈ, ਆਪਣੇ ਇਸ਼ਟ ਨੂੰ ਸੁਣਾਈਦਾ ਹੈ। ਕੀਰਤਨ ਹੈ ਭਗਤੀ ਜਾਂ ਪੂਜਾ, ਜੋ ਕਿ ਸਿਖ ਨੇ ਆਪਣੇ ਇਸ਼ਟ ਦੀ ਕਰਨੀ ਹੈ—

ਗੁਰੁ ਪਰਮੇਸਰੁ ਪੂਜੀਐ ਮਨਿ ਤਨਿ ਲਾਇ ਪਿਆਰੁ ॥੧॥੯੯॥ [ਸਿਰੀਰਾਗੁ ਮ: ੫, ਪੰਨਾ ੫੨

ਤੇ ਉਹ ਪੂਜਾ ਹੀ ਕੀ ਹੋਈ ਜਦ ਅਰਾਧਨਾ ਦੇ ਸਮੇਂ ਧਿਆਨ ਆਪਣੇ ਇਸ਼ਟ ਦੇ ਚਰਨਾਂ ਵਿਚ ਹੀ ਨਾ ਖੁਭਿਆ ਰਹਿਆ, ਤੇ ਇਹ ਹੋਣਾ ਬਿਲਕੁਲ ਅਸੰਭਵ ਹੈ ਜੇ ਕੀਰਤਨ ਪੂਰਨ ਧਿਆਨ ਵਿਚ, ਗੁਰੂ ਸਾਹਿਬ ਜੀ ਨੂੰ ਨਹੀਂ ਸੁਣਾਇਆ ਜਾ ਰਿਹਾ। ਧਿਆਨ ਦਾ ਆਦਰਸ਼ ਇਹ ਹੈ ਕਿ ਧਜਾਤਾ ਨੂੰ ਧਜੇਯ (ਜਿਸ ਦਾ ਧਿਆਨ ਰਖਿਆ ਜਾਏ) ਤੋਂ ਨਿਖੜ ਕੇ ਹੋਰ ਕੁਝ ਅੰਤਰ-ਆਤਮੇ ਨਜ਼ਰ ਹੀ ਨਾ ਆਵੇ। ਜ਼ਰੂਰੀ ਹੈ ਕਿ ਰੱਬੀ ਕੀਰਤੀਨੀਆਂ ਇਕ ਵਾਹਿਗੁਰੂ ਵਿਚ ਧੁਨੀ ਲਾਵੇ, ਇਕ ਉਸੇ ਦਾ ਰਾਗ ਅਲਾਪੇ, ਇਕ ਵਾਹਿਗੁਰੂ ਜੀ ਦੇ ਦੇਸ਼ ਦਾ ਰਹਿਣ ਵਾਲਾ ਹੋਵੇ ਤੇ ਇਕ ਉਸੇ ਨੂੰ, ਜੋ ਸਾਰੇ ਵਿਆਪਕ ਹੈ, ਦਿਖਾਵੇ ਅਥਵਾ ਦਰਸ਼ਨ ਕਰਵਾਏ। ਉਸ ਦੀ ਸੁਰਤ ਵੀ ਇਕ ਵਿਚ ਹੋਵੇ, ਸੇਵਾ ਵੀ ਇਕ ਦੀ ਹੋਵੇ, ਜੋ ਇਕ ਹਰੀ ਗੁਰੂ ਤੋਂ ਜਾਣਿਆ ਜਾਂਦਾ ਹੈ—

ਓਅੰਕਾਰਿ ਏਕ ਧੁਨਿ ਏਕੈ, ਏਕੈ ਰਾਗੁ ਅਲਾਪੈ ॥
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ॥੧॥੮॥ [ਰਾਮਕਲੀ ਮ: ੫, ਪੰਨਾ ੮੮੫

ਇਹ ਇਕ ਵਾਹਿਗੁਰੂ ਜੀ ਦੀ ਧੁਨੀ, ਇਕ ਰਾਗ, ਇਕ ਦਾ ਦਰਸ਼ਨ, ਇਕ ਵਿਚ ਸੁਰਤ ਤੇ ਇਕ ਦੀ ਸੇਵਾ, ਸਭ ਗੁਰੂ ਜੀ ਜੋਗ ਹੀ ਅਰਪਣ ਹੋਈ ਹੈ (ਭਾਵ, ਉਨ੍ਹਾਂ ਨੂੰ ਸੁਣਾਈ ਜਾਣੀ ਹੈ, ਪਿਆਰ ਤੇ ਅਦਬ ਸਹਿਤ) ਕਿਉਂਕਿ ਉਹ ਵਾਹਿਗੁਰੂ ਜੀ ਦੇ ਰਾਹੀਂ, ਉਨ੍ਹਾਂ ਦੀ ਕਿਰਪਾਲਤਾ ਦੁਆਰਾ ਪ੍ਰਾਪਤ ਹੋਣਾ ਹੈ।

ਗੁਰੂ ਸਾਹਿਬ ਜੀ ਨੇ 'ਤੱਤ ਗਿਆਨ' ਤੇ ਵਡੇ ਤੋਂ ਵਡਾ 'ਧਿਆਨ' ਤੇ ਕੀਰਤਨ ਵਿਚ ਸਭ ਤੋਂ ਉਚ 'ਧੁਨੀ' ਇਹੋ ਦਸੀ ਹੈ ਕਿ ਆਪਣੇ ਗੁਰੂ ਜੀ ਨਾਲ ਮਿਲ ਕੇ ਕੀਰਤਨ ਕਰੋ—

ਜੇ ਲੋੜਹਿ ਸਦਾ ਸੁਖੁ ਭਾਈ ॥ ਸਾਧੂ ਸੰਗਤਿ ਗੁਰਹਿ ਬਤਾਈ ॥
ਊਹਾ ਜਪੀਐ ਕੇਵਲ ਨਾਮ ॥ ਸਾਧੂ ਸੰਗਤਿ ਪਾਰਗਰਾਮ ॥੩॥
ਸਗਲ ਤਤ ਮਹਿ ਤਤੁ ਗਿਆਨੁ ॥ ਸਰਬ ਧਿਆਨ ਮਹਿ ਏਕੁ ਧਿਆਨੁ ॥
ਹਰਿ ਕੀਰਤਨ ਮਹਿ ਊਤਮ ਧੁਨਾ ॥ ਨਾਨਕ ਗੁਰ ਮਿਲਿ ਗਾਇ ਗੁਨਾ ॥੪॥੮॥

[ਬਸੰਤੁ ਮ: ੫, ਪੰਨਾ ੧੧੮੨

ਇਸੇ ਲਈ ਗੁਰੂ ਜੀ ਨੂੰ ਮਿਲ ਕੇ ਹਰਿ ਹਰਿ ਗਾਉਣ ਵਾਲਿਆਂ ਨੂੰ 'ਰੰਗ ਰਤੇ' ਜਾਂ 'ਗੂੜ੍ਹੇ ਲਾਲ' ਆਦਿ ਸ਼ਬਦਾਂ ਨਾਲ ਨਿਵਾਜਿਆ ਗਿਆ ਹੈ—

ਸੇ ਲਾਲ ਭਏ ਗੂੜੈ ਰੰਗਿ ਰਾਤੇ ਜਿਨ ਗੁਰ ਮਿਲਿ ਹਰਿ ਹਰਿ ਗਾਇਆ ॥੩॥੧੬॥

[ਮਾਰੂ ਮ: ੫, ਪੰਨਾ ੧੦੦੩

ਅਸਲੀਅਤ ਇਹ ਹੈ ਕਿ ਜੇ ਸਾਡੇ ਆਪਣੇ ਧਿਆਨ ਵਿਚ ਗੁਰੂ ਜੀ ਨਹੀਂ ਹਨ ਤਾਂ ਉਹ ਸਤਸੰਗ ਹੀ ਨਹੀਂ ਹੈ। ਉਹ ਸੰਗਤ ਹੈ ਉਸ ਦੀ ਜਿਥੇ ਧਿਆਨ ਹੈ, ਹਰ ਪ੍ਰਾਣੀ ਦਾ ਆਪੋ ਆਪਣਾ। ਸਤਸੰਗਤਿ ਗੁਰੂ ਜੀ ਦੀ ਕਰੀਦੀ ਹੈ—

(੧) ਸਤਿਗੁਰ ਬਾਝਹੁ ਸੰਗਤਿ ਨ ਹੋਈ ॥੧੨॥ [ਮਾਰੂ ਸੋਲਹੇ ਮ: ੩, ਪੰਨਾ ੧੦੬੮
(੨) ਸਤਸੰਗਤਿ ਸਤਿਗੁਰ ਧੰਨੁ ਧਨੋ ਧੰਨ ਧੰਨ ਧਨੋ, ਜਿਤੁ ਮਿਲਿ ਹਰਿ ਬੁਲਗ ਬੁਲੋਗੀਆ ॥੧॥
[ਕਾਨੜੇ ਕੀ ਵਾਰ ਮ: ੪, ਪੰਨਾ ੧੩੧੩


www.AKJ.Org

ਸਭ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ,
ਹਰਿ ਬੋਲਤ ਸਭਿ ਪਾਪ ਲਹੋਗੀਆ ॥ [ਵਾਰ ਕਾਨੜਾ ਮ: ੪, ਪੰਨਾ ੧੩੧੩

(੩) ਸਤਸੰਗਤਿ ਊਤਮ ਸਤਿਗੁਰ ਕੇਰੀ, ਗੁਨ ਗਾਵੈ ਹਰਿ ਪ੍ਰਭ ਕੇ ॥
ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ ਹਮ ਧੋਵਹ ਪਗ ਜਨ ਕੇ ॥੩॥੧੦॥
[ਸੂਹੀ ਮ: ੪: ਪੰਨਾ ੭੩੧

(੪) ਜਹ ਸਤਿਗੁਰੁ ਤਹ ਸਤਸੰਗਤਿ ਬਣਾਈ ॥ ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ ॥੩॥੨੮॥
[ਗਉੜੀ ਗੁਆ: ਮ: ੩. ਪੰਨਾ ੧੬੦

ਭਾਵ, ਜਿਥੇ ਸਤਿਗੁਰੂ ਜੀ ਹਨ ਉਥੇ ਹੀ ਸਤਸੰਗਤਿ ਬਣਦੀ ਹੈ ਤੇ ਗੁਰੂ ਕੇ ਸਤਿਸੰਗ ਵਿਚ ਹੀ ਹਰੀ ਦੇ ਗੁਣ ਗਾਇਨ ਹੁੰਦੇ ਹਨ। ਜਦ ਸਤਿਸੰਗ ਹੀ ਗੁਰੂ ਬਿਨਾ ਨਹੀਂ ਹੋ ਸਕਦਾ ਤਦ ਸਪੱਸ਼ਟ ਹੈ ਕਿ ਭਗਤੀ ਭੀ ਗੁਰੂ ਬਿਨਾਂ ਨਹੀਂ ਹੋ ਸਕਦੀ–

(੧) ਬਿਨੁ ਸਤਿਗੁਰ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ ॥੩੯॥
[ਸਲੋਕ ਮ: ੩, ਪੰਨਾ ੧੪੧੭

(੨) ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ ॥੧੧॥ [ਸਲੋਕ ਮ: ੪, ਪੰਨਾ ੧੪੨੨

(੩) ਭਾਈ ਰੇ ਗੁਰ ਬਿਨੁ ਭਗਤਿ ਨ ਹੋਇ ॥
ਬਿਨੁ ਗੁਰ ਭਗਤਿ ਨ ਪਾਈਐ ਜੇ ਲੋਚੈ ਸਭੁ ਕੋਇ ॥੧॥ਰਹਾਉ॥ [ਸਿਰੀ ਰਾਗੁ ਮ: ੩, ਪੰ: ੩੧

(੪) ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ਬਿਨੁ ਗੁਰ ਭਗਤਿ ਨ ਹੋਈ ॥੧॥੪੮॥
[ਸਿਰੀ ਰਾਗੁ ਮ: ੩, ਪੰਨਾ ੩੨

(੫) ਮੇਰੇ ਮਨ ਗੁਰਮੁਖਿ ਧਿਆਇ ਹਰਿ ਸੋਇ ॥੧॥ਰਹਾਉ॥ [ਸਿਰੀ ਰਾਗੁ ਮ: ੩, ਪੰ: ੩੨
(ਹੇ ਮੇਰੇ ਮਨ, ਗੁਰੂ ਦੁਆਰਾ ਉਸ ਹਰੀ ਨੂੰ ਧਿਆਓ !)

(੬) ਬਿਨੁ ਗੁਰ ਭਗਤਿ ਨ ਭਾਉ ਹੋਇ ॥ ਬਿਨੁ ਗੁਰ ਸੰਤ ਨ ਸੰਗੁ ਦੇਇ ॥
ਬਿਨੁ ਗੁਰ ਅੰਧੁਲੇ ਧੰਧੁ ਰੋਇ ॥ ਮਨੁ ਗੁਰਮੁਖਿ ਨਿਰਮਲ ਮਲੁ ਸਬਦਿ ਖੋਇ ॥੩॥੬॥
[ਬਸੰਤੁ ਮ: ੧, ਪੰਨਾ ੧੧੭੦

ਹਰੀ ਦੇ ਨਾਮ-ਜਲ ਦੀ ਵਰਖਾ (ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ*) ਹਰ ਥਾਂ ਤੇ ਹਰ ਵਕਤ ਹੋ ਰਹੀ ਹੈ। ਪਰ ਉਹੋ ਜੀਵ ਉਸ ਨੂੰ ਪ੍ਰਾਪਤ ਕਰ ਕੇ "ਤਨੁ ਮਨੁ ਥੀਵੈ ਹਰਿਆ" ਹੁੰਦੇ ਹਨ ਜੋ ਗੁਰੂ ਦੀ ਰਾਹੀਂ ਹਰੀ ਵਿਚ ਲੀਨ ਹੁੰਦੇ ਹਨ–

ਇਹੁ ਜਲੁ ਸਭਤੈ ਵਰਸਦਾ ਵਰਸੈ ਭਾਇ ਸੁਭਾਇ ॥
ਸੇ ਬਿਰਖਾ ਹਰੀਆਵਲੇ ਜੋ ਗੁਰਮੁਖਿ ਰਹੇ ਸਮਾਇ ॥
ਨਾਨਕ ਨਦਰੀ ਸੁਖੁ ਹੋਇ ਏਨਾ ਜੰਤਾ ਕਾ ਦੁਖੁ ਜਾਇ ॥੧॥੧੦॥
[ਵਾਰ ਮਲਾਰ, ਸਲੋਕ ਮ: ੩, ਪੰਨਾ ੧੨੮੨

ਇਸ ਲਈ ਜ਼ਰੂਰੀ ਹੈ ਕਿ–

(੧) ਮਿਲਿ ਸਾਧੂ (ਗੁਰੂ) ਨਿਤ ਭਜਹੁ ਨਾਰਾਇਣ ॥੨॥ [ਕਾਨੜਾ ਛੰਤ ਮ: ੫, ਪੰਨਾ ੧੩੧੨

(੨) ਸਤਿਗੁਰ ਦੀਨ ਦਇਆਲ ਜਿਸੁ ਸੰਗਿ ਹਰਿ ਗਾਵੀਐ ਜੀਉ ॥
ਅੰਮ੍ਰਿਤੁ ਹਰਿ ਕਾ ਨਾਮੁ ਸਾਧ ਸੰਗਿ ਰਾਵੀਐ ਜੀਉ ॥੧॥
[ਧਨਾਸਰੀ ਛੰਤ ਮ: ੫, ਪੰਨਾ ੬੯੧

---

* ਸਿਰੀ ਰਾਗੁ ਮ: ੫, ਅੰਕ ੧੪, ਪੰਨਾ ੭੪

'ਸੂਰਾ' ਅੰਮ੍ਰਿਤਸਰ, ਜੂਨ ੧੯੯੧



www.AKJ.Org

(੩) ਹਰਿ ਕਾ ਨਾਮੁ ਜਪੀਐ ਸਾਧ ਸੰਗਿ ॥ ਹਰਿ ਕੇ ਨਾਮ ਕਾ ਪੂਰਨ ਰੰਗੁ ॥੪॥੩੬॥੪੯॥

[ਭੈਰਉ ਮ: ੫, ਪੰਨਾ ੧੧੫੦

(੪) ਮਿਲਿ ਸਤਸੰਗਤਿ ਸੰਗਿ ਗੁਰਾਹਾ ॥ ਪੂੰਜੀ ਨਾਮੁ ਗੁਰਮੁਖਿ ਵੇਸਾਹਾ ॥੧॥੧੧॥

[ਜੈਤਸਰੀ ਮ: ੪, ਪੰਨਾ ੬੯੯

(ਸਤਿਸੰਗ ਵਿਚ ਗੁਰੂ ਨਾਲ ਮਿਲ ਕੇ ਨਾਮ ਰੂਪੀ ਪੂੰਜੀ ਪ੍ਰਾਪਤ ਕਰੋ ।)

ਪਾਠ ਪੂਜਾ ਕੀਰਤਨ ਕਰ ਕੇ, ਕੀਤੀ ਅਰਾਧਨਾ ਦੀ ਅਰਦਾਸ (ਅਰਪਨਾ) ਕਰੀਦੀ ਹੈ, ਜਿਵੇਂ-"ਆਪ ਦੇ ਹਜ਼ੂਰ ਸੋਦਰ ਰਹਰਾਸ ਅਨੰਦ ਮੁੰਦਾਵਣੀ ਜੀ ਕੀ ਅਰਦਾਸ" ਜਾਂ "ਆਪ ਦੇ ਹਜ਼ੂਰ ਸ਼ਬਦ ਕੀਰਤਨ ਕੀ ਅਰਦਾਸ" ਆਦਿ । ਉਹ ਅਰਦਾਸ ਹੀ ਕਾਹਦੀ ਹੋਈ, ਜੇ ਪਾਠ ਜਾਂ ਕੀਰਤਨ ਗੁਰੂ ਜੀ ਨੂੰ ਨਹੀਂ ਸੁਣਾਇਆ ਗਿਆ ।

ਦੂਜੇ ਸ਼ਬਦਾਂ ਵਿਚ ਕੀਰਤਨ ਸੰਗਤ ਨੂੰ ਨਹੀਂ ਸੁਣਾਈਦਾ. ਸੰਗਤ ਤਾਂ ਆ ਕੇ ਸੁਣਦੀ ਹੈ। ਗੁਰੂ ਦਾ ਦਰਬਾਰ ਲਗਦਾ ਹੈ, ਢਾਡੀ ਆ ਕੇ ਗੁਣ ਗਾਇਨ ਕਰਦੇ ਹਨ (ਪ੍ਰਭੂ ਦੇ) ਉਸ ਗੁਰੂ ਪਾਤਸ਼ਾਹ ਦੇ ਦਰਬਾਰ ਵਿਚ ਹਾਜ਼ਰੀ ਭਰਦੇ ਹਨ ਗੁਰੂ ਦੇ ਸਿੱਖ। ਸਭ ਤੇ ਉਚਾ ਬੈਠਾ ਹੈ ਤਖ਼ਤ ਤੇ ਪਾਤਸ਼ਾਹ। ਸੋ ਸਾਰੀ ਮਜਲਸ ਉਸੇ ਦੀ ਹੈ। ਗਾਇਣ ਹੋ ਰਿਹਾ ਹੈ ਬਾਣੀ ਦਾ, ਤੇ ਸੁਣਾਇਆ ਜਾ ਰਿਹਾ ਹੈ ਗੁਰੂ ਨੂੰ। ਜੇ ਕੋਈ ਸਿਖ ਭੀ ਪੜ੍ਹ ਰਿਹਾ ਹੈ, ਜਿਵੇਂ ਆਸਾ ਦੀ ਵਾਰ ਦਾ ਸਲੋਕ, ਜਾਂ ਰਲ ਕੇ ਗਾਇਨ ਕਰ ਰਿਹਾ ਹੈ ਤਾਂ ਉਹ ਸਭ ਉਸੇ ਗੁਰੂ ਲਈ ਹੈ, ਜੋ ਹੈ ਚੰਦਰਮਾ ਸਾਰੀ ਸਭਾ ਦਾ। ਸਤਿਸੰਗ ਦਾ ਅਰਥ ਹੈ "ਉਹ ਸੰਗ (ਮੇਲ) ਕਰਨਾ, ਜਿਸ ਦਾ ਪ੍ਰਯੋਜਨ ਹੈ ਸ੍ਰੀ (ਸਤਿ) ਸਚ ਜੀ ਦੀ ਪ੍ਰਾਪਤੀ ਲਈ ਉਦਮ" ਤੇ ਇਸੇ ਪ੍ਰਯੋਜਨ ਲਈ ਸਭ ਤੋਂ ਉਚਾ ਤੇ ਸਭ ਤੋਂ ਲਾਭਦਾਇਕ ਸਤਿਸੰਗ ਹੈ ਸਤਿਗੁਰੂ ਜੀ ਦਾ। ਜਦ ਸ੍ਰੀ ਗੁਰੂ ਜੀ ਦਾ ਪ੍ਰਕਾਸ਼ ਹੈ ਜਾਂ ਦਰਬਾਰ ਹੈ ਤਾਂ ਹਰ ਕੋਈ ਜਾਵੇਗਾ ਸਤਿਸੰਗ ਕਰਨ, ਗੁਰੂ ਜੀ ਮਹਾਰਾਜ ਦਾ, ਨਾ ਕਿ ਕਿਸੇ ਹੋਰ ਦਾ। ਕਿਉਂ ਜੁ ਗੁਰੂ ਜੀ ਹਰ ਸਿਖ ਤੋਂ ਬਹੁਤ ਹੀ ਉਚੀ ਪੱਧਰ ਤੇ ਹਨ, ਇਸ ਲਈ ਜੋ ਕੁਝ ਵੀ ਉਥੇ ਹੋਵੇਗਾ, ਗੁਰੂ ਜੀ ਵਾਸਤੇ ਹੀ ਹੋਵੇਗਾ। ਬਾਕੀ ਜੋ ਵੀ ਉਥੇ ਹੈ ਓਹ ਰੁਬੇ ਦੇ ਪ੍ਰੋਗਰਾਮ ਵਿਚ ਸ਼ਾਮਲ ਹੋ ਰਿਹਾ ਹੈ ਤੇ ਹਿੱਸਾ ਲੈ ਰਿਹਾ ਹੈ। ਇਹ ਤਾਂ ਸਿਰਫ਼ ਇਸ ਨੁਕਤੇ ਨੂੰ ਸਪੱਸ਼ਟ ਕਰਨ ਲਈ ਲਿਖਿਆ ਹੈ। ਨਹੀਂ ਤਾਂ ਸਚਾਈ ਤਾਂ ਇਹ ਹੈ ਕਿ ਇਹ ਸਤਿਸੰਗ ਵੀ ਤਦ ਹੀ ਮਿਲਦਾ ਹੈ ਜੇ ਮਿਹਰ ਹੋਵੇ-

ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ ॥

ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮਸਾਲੀਐ ॥੩॥ [ਵਾਰ ਗੂਜਰੀ ਮ: ੫, ਪੰਨਾ ੫੧੮

ਕਈ ਵਾਰ ਦੇਖਣ ਵਿਚ ਆਇਆ ਹੈ ਕਿ ਕੀਰਤਨੀ ਜਥੇ ਦੀ ਸਟੇਜ ਦਾ ਮੂੰਹ ਬਿਲਕੁਲ ਸੰਗਤ ਵਲ ਮੁੜਿਆ ਹੁੰਦਾ ਹੈ ਤੇ ਸਤਿਗੁਰੂ ਜੀ ਵਲ ਅੱਧ-ਪਚੱਧੀ ਪਿੱਠ ਹੀ ਹੁੰਦੀ ਹੈ, ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਿਸੇ ਇਕ ਕਮਰੇ ਵਿਚ ਹੈ ਤੇ ਕੀਰਤਨੀਆ ਅਤੇ ਸੰਗਤ ਬਾਹਰ ਖੁਲ੍ਹੀ ਥਾਵੇਂ ਬੈਠੀ ਹੈ ਤੇ ਕੀਰਤਨ ਸੰਗਤ ਨੂੰ (ਤੇ ਗੁਰੂ ਜੀ ਨੂੰ ਨਹੀਂ) ਸੁਣਾਇਆ ਜਾ ਰਿਹਾ ਹੈ, ਤਾਂ (ਮੇਰੇ ਖ਼ਿਆਲ ਵਿਚ) ਇਹ ਅਵੱਗਿਆ ਹੈ। ਸਾਨੂੰ ਕਦੇ ਭੁਲ ਨਹੀਂ ਜਾਣਾ ਚਾਹੀਦਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਜੀਲ, ਵੇਦ, ਸ਼ਾਸਤ੍ਰ ਆਦਿ ਵਾਂਗੂ ਧਰਮ-ਪੁਸਤਕ ਨਹੀਂ ਹਨ। ਆਪ ਤਾਂ ਦਸਾਂ ਗੁਰਾਂ ਦੀ ਜਾਗਤ ਜੋਤਿ ਹਨ, ਜੁਗੋ ਜੁਗ ਅਟੱਲ ਗੁਰੂ ਹਨ। ਇਹ ਗੁਰੂ ਸਾਹਿਬ ਦਾ ਦੀਵਾਨ ਲਗਦਾ ਹੈ, ਕਚਹਿਰੀ ਲਗਦੀ ਹੈ, ਦਰਬਾਰ ਲਗਦਾ ਹੈ, ਉਥੇ ਗੁਰੂ ਮਹਾਰਾਜ ਦੀ ਸਭਾ ਵਿਚ ਆ ਕੇ ਜੁੜਦੇ ਹਨ ਗੁਰੂ ਕੇ ਸਿਖ-

ਬਲਿਹਾਰੀ ਤਿਨ੍ਹਾਂ ਗੁਰਸਿਖਾਂ ਜਾਇ ਜਿਨਾ ਗੁਰ ਦਰਸਨੁ ਡਿਠਾ ॥ [ਵਾਰ ੨੧-੧

ਬਲਿਹਾਰੀ ਤਿਨਾ ਗੁਰਸਿਖਾ ਸਾਧ ਸੰਗਤਿ ਚਲਿ ਜਾਇ ਜੁੜੰਦੇ ॥ [ਵਾਰ ੧੨-੨

ਸੋ ਕੀਰਤਨ ਸੁਣਾਉਣਾ ਹੈ ਤਾਂ ਗੁਰੂ ਸਾਹਿਬ ਜੀ ਨੂੰ, ਤੇ ਸਿਖ ਨੇ ਪੁਜ ਕੇ ਹਾਜ਼ਰੀ ਭਰਨੀ ਹੈ ਗੁਰੂ-ਦਰਬਾਰ ਵਿਚ ਸ੍ਰੋਤਾ ਤੇ ਸੇਵਕ ਬਣ ਕੇ (ਜਾਂ ਕੀਰਤਨੀਆ ਤੇ ਰਾਗੀ ਬਣ ਕੇ) ਅਡੋਲ ਬਹਿ ਕੇ, ਬ੍ਰਿਤੀ ਜੋੜ ਕੇ। ਤੇ ਇਹ ਸਭ ਕੁਝ (ਅੰਮ੍ਰਿਤ ਵੇਲੇ) ਗੁਰੂ ਹੁਕਮ ਅਨੁਸਾਰ। [ਪੁਸਤਕ 'ਅੰਮ੍ਰਿਤ ਵੇਲਾ' ਚੋਂ

www.AKJ.Org

# ਆਓ ! ਅਦਬ ਅੰਦਰ ਆਈਏ !

[ਗਿਆਨੀ ਜਸਵਤ ਸਿੰਘ ਜੀ] ਬੀ.ਏ., ਬੀ.ਟੀ.]

ਅੱਜ ਦੇ ਸੰਸਾਰ ਵਿਚੋਂ ਅਦਬ-ਆਦਾਬ ਉੱਡ ਰਹੇ ਹਨ, ਇਸੇ ਲਈ ਸੰਸਾਰੀ ਖੁਆਰ-ਖਰਾਬ ਹੋ ਰਹੇ ਹਨ। ਸਿੱਖਾਂ ਤੇ ਆਸ ਕੀਤੀ ਜਾ ਸਕਦੀ ਸੀ ਕਿ ਉਹ ਭੁੱਲੀ-ਭਟਕੀ ਦੁਨੀਆ ਨੂੰ ਸਦੀਵੀ ਖੈਰ, ਖੇੜੇ ਤੇ ਖੁਸ਼ੀ ਦੀ ਖਾਤਰ ਅਦਬ ਅਪਨਾਉਣ ਦੀ ਰਾਹ ਵਿਖਾਉਂਦੇ, ਪ੍ਰੰਤੂ ਸਿੱਖ ਖ਼ੁਦ ਬੇਅਦਬੀਆਂ ਦਾ ਸ਼ਿਕਾਰ ਹੋਏ ਖੀਨ-ਖਰਾਬ ਤੇ ਖੱਜਲ-ਖੁਆਰ ਹੋ ਰਹੇ ਹਨ। ਸਾਰੇ ਸਿਖਾਂ ਨੂੰ ਹੁਕਮ ਸੀ ਕਿ ਸ਼ਬਦਾਵਤਾਰ, ਗੁਰਬਾਣੀ ਦੇ ਭੰਡਾਰ ਸ੍ਰੀ ਆਦਿ ਗ੍ਰੰਥ ਨੂੰ ਪੂਰਾ ਗੁਰੂ, ਪ੍ਰਗਟ ਗੁਰਾਂ ਦੀ ਦੇਹ ਮੰਨਣ। ਦੁਸ਼ਮਣ ਦੋਖੀਆਂ ਨੇ ਨਹੀਂ; ਖ਼ੁਦ ਸਿੱਖ-ਉਮਤਿ ਦੇ ਮੁਹਾਣਿਆਂ ਨੇ ਆਪਣੀ ਕੁਮਤਿ ਦੇ ਅਧੀਨ, ਪ੍ਰਾਈਵੇਟ ਪ੍ਰਕਾਸ਼ਕਾਂ ਦੀ ਮਲੀਨ ਕਾਰਵਾਈ ਦੇ ਪੈਰਵੀ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ, ਸਾਬਤ ਤੇ ਸਹੀ ਸਰੂਪ ਨੂੰ ਭੰਨ-ਤੋੜ ਕੇ ਪਦ-ਛੇਦ ਰੂਪ ਵਿਚ ਪੇਸ਼ ਕਰ ਦਿਤਾ। ਇਉਂ ਸਤਿਗੁਰਾਂ ਦੇ ਪਾਵਨ ਮੁਢਲੇ ਹੁਕਮ ਤੋਂ ਮੁਨਕਰ, ਮੁਨਹਰਫ਼ ਤੇ ਬੇਮੁਖ ਹੋ ਕੇ ਗੁਰੂ-ਪੰਥ ਅੰਦਰ ਇਕ ਘੋਰ ਬੇ-ਅਦਬੀ ਦਾ ਪਰਵੇਸ਼ ਕੀਤਾ। ਇਕਬਾਲ ਦੀ ਕਵਿਤਾ ਦਾ ਇਕ ਬੰਦ ਹੈ, ਜੋ ਸਾਡਾ ਧਿਆਨ ਮੰਗਦਾ ਹੈ :—

ਜ਼ਿਮੀਂ ਕਿਆ ਆਸਮਾਂ ਭੀ ਤੇਰੀ ਕਜ-ਬੀਨੀ ਪੇ ਰੋਤਾ ਹੈ,
ਗ਼ਜ਼ਬ ਹੈ ਸਤਰਿ ਕੁਰਆਂ ਕੋ ਚਲੀਪਾ ਕਰ ਦੀਆ ਤੂ ਨੇ।
ਜ਼ਬਾਂ ਸੇ ਗਰ ਕੀਆ ਤੌਹੀਦ ਕਾ ਦਾਅਵਾ ਤੋ ਕਿਆ ਹਾਸਲ,
ਬਨਾਯਾ ਹੈ ਬੁਤਿ ਪਿੰਦਾਰ ਕੋ ਅਪਨਾ ਖ਼ੁਦਾ ਤੂ ਨੇ।

ਇਕਬਾਲ ਨੂੰ ਗਿਲਾ ਹੈ ਆਪਣੀ ਕੌਮ ਤੇ ਕਿ ਕੁਰਾਨ ਦੀ ਸਤਰ ਨੂੰ ਵਿੰਗਾ ਕਰ ਦਿੱਤਾ ਗਿਆ, ਗੁਰੂ-ਪੰਥ ਦੇ ਇਕ ਬਾਲ (ਦਾਸ) ਨੂੰ ਸ਼ਿਕਾਇਤ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਦੀ ਪੰਗਤੀ ਨੂੰ ਵਿਦਵਾਨਾਂ ਦੀ ਨਿਜ ਮਤਿ ਨਾਲ ਭਰ ਦਿਤਾ ਗਿਆ ਹੈ, ਗੁਰੂ ਮਤਿ ਨੂੰ ਪਾਸੇ ਧਰ ਦਿਤਾ ਗਿਆ ਹੈ।

ਹੁਣ ਇਕ ਹੋਰ ਪਰਚਾਰ ਸ਼ੁਰੂ ਹੋਇਆ ਹੈ, ਕਿ ਪਦਾਂ ਜਾਂ ਸ਼ਬਦਾਂ ਦੇ ਅੰਤਲੇ ਅੱਖਰਾਂ ਦੀਆਂ ਲਗੀਆਂ ਸਿਹਾਰੀਆਂ ਜਾਂ ਔਂਕੜਾਂ ਨੂੰ ਉਚਾਰਨ ਵਿਚ ਨਹੀਂ ਲਿਆਉਣਾ। ਕਿਹਾ ਜਾ ਰਿਹਾ ਹੈ ਕਿ ਸ਼ਬਦ ਦਾ ਅੰਤਲਾ ਅੱਖਰ ਚਾਹੇ ਮੁਕਤਾ ਹੋਵੇ, ਚਾਹੇ ਉਸ ਨਾਲ ਸਿਹਾਰੀ ਜਾਂ ਔਂਕੜ ਲਗਿਆ ਹੋਵੇ, ਉਸ ਸ਼ਬਦ ਦੇ ਤਿੰਨੇ ਸਰੂਪਾਂ ਦਾ ਉਚਾਰਨ ਇਕੋ ਜੇਹਾ ਹੀ ਹੈ। ਨਰਕੁ, ਨਰਕ, ਨਰਕਿ ਵਿਚੋਂ ਹਰ ਸ਼ਬਦ ਦਾ ਉਚਾਰਨ ਨਰਕ ਹੀ ਹੋਵੇਗਾ। ਇਸੇ ਤਰ੍ਹਾਂ ਰਾਹੁ, ਰਾਹ, ਰਾਹਿ ਦਾ ਉਚਾਰਨ ਹੈ, ਰਾਹ।

ਸਵੇਰੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਤੋਂ ਸੈਂਕੜੇ ਨਹੀਂ, ਹਜ਼ਾਰਾਂ ਪ੍ਰੇਮੀ ਹੁਕਮਨਾਮੇ ਦੇ ਸਮੇਂ ਇਹ ਸਲੋਕ ਹਰ ਰੋਜ਼ ਸੁਣਦੇ ਹਨ :—

ਸਜਣੁ ਸਚਾ ਪਾਤਿਸਾਹੁ ਸਿਰਿ ਸਾਂਹਾਂ ਦੈ ਸਾਹੁ ॥
ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾ ਦਾ ਵੇਸਾਹੁ ॥

ਇਹ ਉਪ੍ਰੋਕਤ ਸਲੋਕ ਗ੍ਰੰਥੀ ਸਾਹਿਬਾਨ ਦੇ ਨਾਲ-ਨਾਲ ਸਾਰੀ ਸੰਗਤ ਵੀ ਪੜ੍ਹਦੀ ਹੈ, ਜਿਸ ਤਰ੍ਹਾਂ ਕਿ ਸਪੱਸ਼ਟ ਹੁੰਦਾ ਹੈ ਸਾਰੇ ਗੁਰਮੁਖਿ ਪਿਆਰੇ ਇਸ ਸਲੋਕ ਅੰਦਰ ਆਏ 'ਪਾਤਿਸਾਹੁ' 'ਸਾਹੁ' ਅਤੇ 'ਵੇਸਾਹੁ' ਤਿੰਨਾਂ ਹੀ ਸ਼ਬਦਾਂ ਦੇ ਅੰਤਲੇ ਅੱਖਰ ਨੂੰ ਲੱਗੇ ਔਂਕੜ ਦਾ ਉਚਾਰਨ ਕਰ ਰਹੇ ਹੁੰਦੇ ਹਨ। ਉਪ੍ਰੋਕਤ ਕਿਸਮ ਦੇ ਪਰਚਾਰਕਾਂ ਦੀ ਵਿਚਾਰ-ਧਾਰਾ ਅਨੁਸਾਰ ਸਾਰੀ ਸੰਗਤਿ ਤੇ ਗ੍ਰੰਥੀ ਸਾਹਿਬਾਨ ਗਲਤ ਹਨ। ਗੁਰੂ ਕੇ ਵਜ਼ੀਰ ਗਲਤ, ਗੁਰੂ ਕੀ ਸੰਗਤਿ ਗਲਤ, ਪ੍ਰੰਤੂ ਇਹ ਮਨਮਤੀ ਸੋਝੇ ਛਡਣ ਵਾਲੇ ਠੀਕ। ਬਲਿਹਾਰ ਜਾਈਏ, ਇਨ੍ਹਾਂ ਦੀ ਅਕਲ ਤੋਂ ! ਗੁਰੂ ਦੇ ਸਿਖਾਂ ਨੇ ਤਾਂ ਨਿਜ ਮਤਾਂ ਸੋਚਣ ਵਾਲਾ ਦਿਮਾਗ ਅਥਵਾ ਸੀਸ ਸਤਿਗੁਰੂ ਨੂੰ ਸੌਂਪ



www.AKJ.Org

ਕੇ ਗੁਰੂ ਕੀ ਮਤਿ ਅਪਣਾਈ ਹੁੰਦੀ ਹੈ। ਗੋਯਾ ਜੀ ਫਰਮਾਂਦੇ ਹਨ :–

ਦਰ ਰਾਹਿ ਹਕ ਜ਼ੁਜ਼ ਅਦਬ ਤਾਅਲੀਮ ਨੇਸਤ, ਤਾਲਬਿ ਊ ਰਾ ਬਜੁਜ਼ ਤਸਲੀਮ ਨੇਸਤ।

ਉਲਥਾ :–ਸਚ ਦੇ ਰਾਹ ਚਲਣ ਲਈ ਅਦਬ (ਭੈ-ਭਾਵਨੀ) ਤੋਂ ਬਿਨਾਂ ਹੋਰ ਕੋਈ ਸਿਖਿਆ ਨਹੀਂ ਹੈ। ਸਚ ਦੇ ਮੁਤਲਾਸ਼ੀ ਅਭਿਲਾਸ਼ੀ ਲਈ ਆਪਾ ਸੌਂਪਣ ਬਿਨਾਂ ਹੋਰ ਕੋਈ ਚਾਰਾ ਨਹੀਂ।

ਗੁਰਬਾਣੀ ਨਿਰੋਲ ਸਚ ਹੀ ਸਚ ਹੈ। ਇਸਦਾ ਹਰ ਅੱਖਰ, ਹਰ ਲੱਗ-ਮਾਤ੍ਰਾ ਉਚਾਰਨ ਤੇ ਵਿਚਾਰਨ ਤੇ ਵਿਚਾਰਨ ਯੋਗ ਹੀ ਨਹੀਂ, ਸਗੋਂ ਪੂਜਣ ਯੋਗ ਹੈ। ਜੋ ਉਚਾਰਨ ਤੋਂ ਹੀ ਆਕੀ ਹਨ, ਉਹ ਵਿਚਾਰਨ ਤੇ ਪੂਜਣ ਵਾਲੀ ਅਵਸਥਾ ਤੇ ਕਦ ਪੁਜਣਗੇ ?

ਪਹਿਲੇ ਹੀ ਪਾਤਸ਼ਾਹ ਦਾ ਬਚਨ ਹੈ :–

ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ॥
ਅਖਰ ਲਿਖੇ ਸੇਈ ਗਾਵਾ, ਅਵਰ ਨ ਜਾਣਾ ਬਾਣੀ॥ (੧੧੭੧)

ਇਸ ਉਪ੍ਰੋਕਤ ਬਚਨ ਦੀ ਵੀਚਾਰ ਗੁਰਮੁਖਿ ਪਿਆਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਹੁਰਾਂ ਨੇ ਇਉਂ ਕੀਤੀ ਹੈ :–

ਹੇ ਮੇਰੇ ਸਾਹਿਬਾ ! ਮੈਂ ਕੁਚੱਜੀ ਆਪਣੇ ਆਪਿ ਹੀ ਭਰਮਾਂ ਵਿਚਿ ਭੁਲੀ ਫਿਰਦੀ ਹਾਂ, ਸੱਚੀ ਵੱਥ ਨੂੰ ਛੱਡ ਕੇ ਕਚੀਆਂ ਵੱਥਾਂ ਵਿਹਾਝਦੀ ਫਿਰਦੀ ਹਾਂ। ਚਾਹੀਦਾ ਤਾਂ ਇਹ ਹੈ ਕਿ ਧੁਰੋਂ ਆਈ ਬਾਣੀ ਨੂੰ ਇੰਨ ਬਿੰਨ ਅੱਖਰ ਅੱਖਰ ਦਾ ਸ਼ੁਧ ਅਖੰਡ ਨਿਰਬਾਣ ਕੀਰਤਨ ਕਰਿ ਗਾਵਾਂ। ਹੋਰ ਕਚ-ਪਿਚੀ ਬਾਣੀ ਨੂੰ ਸਿਆਣਾਂ ਹੀ ਨਾ। ਸਿਆਣੇ ਅਕਲੀਏ ਆਪਣੀਆਂ ਕੁਚਜੀਆਂ ਸਿਆਣਪਾਂ ਕਰਿ ਕਰਿ ਮਨੋਉਕਤ ਘੜਿ ਘੜਿ ਕਚੀਆਂ ਬਾਣੀਆਂ ਗਾਉਂਦੇ ਹਨ। ਕੰਚਨੀ ਵੱਥ ਨੂੰ ਛਡ ਕੇ ਕੱਚ ਨੂੰ ਵਿਹਾਝਦੇ ਹਨ। ਸ਼ਬਦਾਰਥੀਏ ਇਸ ਤੁਕ ਦੇ ਬੜੇ ਹੀ ਖ਼ਿੱਚਵੇਂ ਅਰਥ ਕਰਦੇ ਹਨ, ਜੋ ਉਕੇ ਹੀ ਨਹੀਂ ਢੁਕਦੇ ! 'ਅਖਰ ਲਿਖੇ ਸੇਈ ਗਾਵਾਂ, ਦੇ ਅਰਥ ਇਹ ਕਿਵੇਂ ਬਣ ਜਾਣਗੇ ਕਿ :–ਜੋ ਮੇਰੇ ਸਿਰ ਤੇ ਤੇਰੇ ਵਲੋਂ ਹੁਕਮ ਦੀ ਲਿਖਤ ਲਿਖੀ ਹੈ, ਉਸੇ ਅਨੁਸਾਰ ਕਰਦੀ ਹਾਂ। ਜੇ ਇਹ ਅਰਥ ਠੀਕ ਹਨ ਤਾਂ 'ਆਪੇ ਭਰਮਿ ਭੁਲਾਣੀ' ਕਿਵੇਂ ਹੋਈ ? 'ਬਾਣੀ' ਦੇ ਪਦ ਅਰਥ ਓਹ 'ਬਣਾਵਟ' ਕਰਦੇ ਹਨ। ਕੈਸੀ ਗ਼ਲਤ ਅਰਥਾਂ-ਬੰਦੀ ਹੈ, ਭਰਮ ਭੁਲਾਉਣ ਵਾਲੀ। ਪਾਠ ਭੀ ਸਪਸ਼ਟ ਹੈ ਅਤੇ ਸਪਸ਼ਟ ਹੀ ਅਰਥ ਹਨ। ਖਿਚਾ ਖਿਚੀ ਦੀ ਕੀ ਲੋੜ ਹੈ ਏਥੇ।

(ਗੁਰਬਾਣੀ ਲਗ-ਮਾਤ੍ਰਾਂ ਦੀ ਵਿਲੱਖਣਤਾ ਦੀ ਪਹਿਲੀ ਛਾਪ, ਪੰਨਾ ੩੪੬-੪੭)

ਇਹੋ ਭਾਈ ਸਾਹਿਬ ਆਪਣੀ ਉਪ੍ਰੋਕਤ ਪੁਸਤਕ ਦੇ ਪੰਨਾ ੮ ਤੇ ਇਉਂ ਲਿਖਦੇ ਹਨ, "ਇਸ ਦਾਸਰੇ ਨੂੰ ਚਾਹੇ ਮੁੱਢ ਤੋਂ ਹੀ ਇਹ ਸਿਦਕ-ਭਰੋਸੇ ਪੂਰਤ ਯਕੀਨ ਸੀ ਕਿ ਗੁਰਬਾਣੀ ਅੰਦਰ ਆਈਆਂ ਲੱਗਾਂ ਮਾਤ੍ਰਾਂ ਐਵੇਂ ਵਾਧੂ ਨਹੀਂ ਲਗੀਆਂ ਹੋਈਆਂ। ਜ਼ਰੂਰ ਇਹਨਾਂ ਦਾ ਗੂੜ੍ਹ ਗੁਹਜ ਭਾਵ ਕੋਈ ਹੋਵੇਗਾ। ਪਰ ਇਸ ਵਿਸ਼ੇ ਤੇ ਕਦੇ ਗੋਹ ਕਰਕੇ ਦੀਰਘ ਸੁਰਤਿ ਵੀਚਾਰ ਨਹੀਂ ਲਾਈ ਸੀ।

ਕਈ ਪੁਰਾਤਨ ਅਖੰਡ ਪਾਠੀਆਂ ਦੇ ਅਖੰਡ ਪਾਠ ਵੀ ਐਸੇ ਸੁਣੇ ਕਿ ਉਹ ਲਗਾਂ-ਮਾਤ੍ਰਾਂ ਸਪਸ਼ਟ ਉਚਾਰਨ ਕਰ ਕੇ ਪਾਠ ਕਰਦੇ ਸਨ ਅਤੇ ਬੜੇ ਚਿਤ ਨੂੰ ਚੰਗੇ ਲਗਦੇ ਸਨ।"

ਇਉਂ ਲਗਾਂ-ਮਾਤ੍ਰਾਂ ਦਾ ਸਪਸ਼ਟ ਉਚਾਰਨ ਗੁਰਮੁਖਾਂ ਅਤੇ ਖ਼ੁਦ ਸੱਚੇ ਸਾਹਿਬ ਨੂੰ ਤਾਂ ਭਾਉਂਦਾ ਹੈ; ਤਾਂ ਹੀ ਤਾਂ ਇਕ ਸਿਖ ਪਾਸੋਂ ਸੁਧਤਾ ਤੇ ਸ਼ਰਧਾ-ਪੂਰਤ ਜਪੁਜੀ ਦਾ ਪਾਠ ਸੁਣ ਕੇ ਗੁਰਤਾ-ਗਦੀ ਉਸ ਨੂੰ ਸੌਂਪਣ ਲਈ ਤਿਆਰ ਹੋ ਗਏ ਸਨ, ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ। ਨਵੇਂ ਮਾਡਰਨ ਸਿੱਖਾਂ ਨੂੰ ਪਤਾ ਨਹੀਂ ਕਦੋਂ ਤੇ ਕਿਵੇਂ ਇਲਹਾਮ ਹੋ ਗਿਆ ਹੈ ਕਿ ਫਲਾਣੀ ਫਲਾਣੀ ਲਗ ਨਹੀਂ ਉਚਾਰਨੀ। ਐਸੇ ਅਵੈੜੇ ਪਰਚਾਰਕਾਂ ਦੇ ਉਲਟ ਪਰਚਾਰ ਤੋਂ ਗੁਰਮੁਖਾਂ ਨੂੰ ਸਾਵਧਾਨ ਹੋਣਾ ਚਾਹੀਦਾ ਹੈ। ਇਹ ਲੋਕ ਇਸ ਗੱਲ ਨਾਲ ਤਾਂ ਸਹਿਮਤ

[ਬਾਕੀ ਦੇਖੋ ਸਫ਼ਾ ੧੧ ਦੇ ਹੇਠ)



www.AKJ.Org

# ਭਗਤਿ ਨਵੈ ਪਰਕਾਰਾ

[ਪ੍ਰੋਫ਼ੈਸਰ ਗੁਰਮੁਖ ਸਿੰਘ ਜੀ, ਪਟਿਆਲਾ]

ਪੁਰਾਤਨ ਵੇਦ-ਸ਼ਾਸਤਰੀ ਧਰਮ ਪਰੰਪਰਾ ਅਨੁਸਾਰ ਭਗਤੀ ਨੌਂ ਪ੍ਰਕਾਰ ਦੀ ਮੰਨੀ ਗਈ ਹੈ। ਗੁਰਬਾਣੀ ਵਿਚ ਇਸ ਵਲ ਇਉਂ ਸੰਕੇਤ ਕੀਤਾ ਗਿਆ ਹੈ :–

ਭਗਤਿ ਨਵੈ ਪਰਕਾਰਾ ॥੪॥੨੭॥ (ਸਿਰੀ ਰਾਗੁ ਮ: ੫, ਪੰਨਾ ੭੧)

ਸ੍ਰੀਮਦ ਭਾਗਵਤ ਅਨੁਸਾਰ ਇਹ ਨੌਂ ਪ੍ਰਕਾਰ ਇਹ ਹਨ :–ਕੀਰਤਨ ਕਰਨਾ, ਕੀਰਤਨ ਸੁਣਨਾ, ਸਿਮਰਨ ਕਰਨਾ,ਚਰਨ ਸੇਵਾ, ਅਰਚਨਾ, ਬੰਦਨਾ, ਮਿਤਰ ਭਾਵ, (ਸਖਾ ਭਾਵ) ਦਾਸ ਭਾਵ, ਅਤੇ ਆਪਣਾ ਆਪ ਅਰਪਣ ਕਰਨਾ (ਆਤਮ ਨਿਵੇਦਨ)।

ਦੇਖਣਾ ਇਹ ਹੈ ਕਿ ਕਿਵੇਂ ਗੁਰਮਤਿ ਪੁਰਾਤਨ ਭਗਤੀ-ਪਰੰਪਰਾ ਨੂੰ ਨਵੀਂ ਸੇਧ ਦੇ ਕੇ ਉਸ ਨੂੰ ਆਪਣੇ ਅੰਦਰ ਸਮੋਈ ਬੈਠੀ ਹੈ। ਇਥੇ ਹੀ ਬਸ ਨਹੀਂ, ਸਗੋਂ ਸਤਿਗੁਰੂ ਸਾਹਿਬਾਨ ਨੇ ਆਪਣੇ ਵਲੋਂ ਭੀ ਕੁਝ ਹੋਰ ਸਾਧਨ ਸੁਝਾਏ ਹਨ।

## (੧-੨) ਕੀਰਤਨ ਕਰਨਾ ਅਤੇ ਕੀਰਤਨ ਸੁਣਨਾ–

ਗੁਰਬਾਣੀ ਨੂੰ ਰਾਗਾਂ ਵਿਚ ਸੈਟ ਕਰਕੇ ਸਤਿਗੁਰੂ ਸਾਹਿਬਾਨ ਨੇ ਮੁੱਢ ਤੋਂ ਹੀ ਇਹ ਸਪਸ਼ਟ ਕਰ ਦਿੱਤਾ ਕਿ ਪਰਮਾਤਮਾ ਨਾਲ ਲਿਵ ਲਾਵਣ ਦਾ ਸਭ ਤੋਂ ਰਸ-ਮਈ ਤਰੀਕਾ ਕੀਰਤਨ ਹੀ ਹੈ। ਗੁਰਮਤਿ ਕੀਰਤਨ ਪਰਧਾਨ ਧਰਮ ਹੈ। ਮੌਕਾ ਚਾਹੇ ਖ਼ੁਸ਼ੀ ਦਾ ਹੋਵੇ, ਜਾਂ ਗ਼ਮੀ ਦਾ, ਗੁਰਪੁਰਬ ਹੋਵੇ ਜਾਂ ਸ਼ਹੀਦੀ-ਸਮਾਗਮ, ਸਾਡੇ ਦੀਵਾਨ ਕੀਰਤਨ ਨਾਲ ਹੀ ਅਰੰਭ ਹੁੰਦੇ ਹਨ। ਸਤਿਗੁਰਾਂ ਨੇ ਕਿਤਨੇ ਜ਼ੋਰਦਾਰ ਸ਼ਬਦਾਂ ਵਿਚ ਇਹ ਫੁਰਮਾਇਆ ਹੈ :–

ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥
ਨਾਨਕੁ ਕਹੈ ਸੁਣਿ ਰੇ ਮਨਾ, ਕਰਿ ਕੀਰਤਨੁ ਹੋਇ ਉਧਾਰੁ ॥੪॥੧॥੧੫੯॥
(ਗੌੜੀ ਮਾਲਵਾ ਮ: ੫–੨੧੪)

ਕਲਜੁਗ ਵਿਚ ਤਾਂ ਗੁਰਮਤਿ ਅਨੁਸਾਰ ਕੀਰਤਨ ਹੀ ਪਰਧਾਨ ਆਖਿਆ ਗਿਆ ਹੈ–

ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥੬॥੫॥
(ਮਾਰੂ ਸੋਲਹੇ ਮ: ੫–੧੦੭੫)

ਪੁਰਾਤਨ ਭਾਰਤੀ ਪਰੰਪਰਾ ਨੇ ਜ਼ਾਤ ਦੇ ਆਧਾਰ ਤੇ ਸਮਾਜ ਵਿਚ ਉਚ ਨੀਚ ਦੇ ਭੇਦ ਭਾਵ ਪਾਏ ਹੋਏ ਹਨ। ਨਤੀਜੇ ਵਜੋਂ ਉਤਮ ਅਤੇ ਮੱਧਮ ਸ਼੍ਰੇਣੀਆਂ ਤਾਂ ਭਗਤੀ ਕਰ ਸਕਦੀਆਂ ਹਨ ਕੀਰਤਨ ਰਾਹੀਂ, ਪਰ ਨੀਵੇਂ ਵਰਗ ਦੇ ਲੋਗਾਂ ਨੂੰ ਭਗਤੀ ਕਰਨ ਤੋਂ ਵਰਜਿਆ ਹੋਇਆ ਸੀ। ਕੀਰਤਨ ਲਈ ਭਜਨ ਵੇਦਾਂ ਜਾਂ ਸਿਮ੍ਰਤੀਆਂ ਵਿਚ ਦਰਜ ਨਹੀਂ ਹਨ। ਸਮੇਂ ਸਮੇਂ ਲੋਕ-ਕਵੀਆਂ ਨੇ ਧਾਰਮਕ ਭਜਨ ਬਣਾਏ, ਜਿਨ੍ਹਾਂ ਵਿਚ ਰਾਮ ਅਤੇ ਕ੍ਰਿਸ਼ਨ ਜਾਂ ਹੋਰ ਦੇਵੀ ਦੇਵਤਿਆਂ ਦੀ ਉਸਤਤ ਕੀਤੀ ਅਤੇ ਗਾਈ ਜਾਂਦੀ ਰਹੀ।

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਤਰਾਧਿਕਾਰੀ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਅਤੇ ਭਗਤਾਂ ਦੀ ਬਾਣੀ ਨੂੰ ਰਾਗਾਂ ਅਨੁਸਾਰ ਰਚ ਕੇ ਦਰਜ ਕੀਤਾ, ਜਿਸ ਦੇ ਫਲ ਸਰੂਪ ਗੁਰਬਾਣੀ ਨੂੰ ਸ਼ਾਸਤਰੀ ਸੰਗੀਤ ਦੇ ਨਿਰਧਾਰਤ ਰਾਗਾਂ ਅਨੁਸਾਰ ਗਾਇਨ ਕੀਤਾ ਗਿਆ। ਗੁਰਬਾਣੀ ਅਕਾਲ ਪੁਰਖ ਦੇ ਗੁਣ ਗਾਉਂਦੀ ਹੈ। ਕੀਰਤਨ ਰਾਹੀਂ ਗੁਰੂ ਸਾਹਿਬਾਨ ਨੇ ਭਾਰਤ ਦੀ ਆਮ ਜਨਤਾ ਨੂੰ ਰੱਬ ਦੇ ਹੀ ਗੁਣ ਗਾਉਣ ਦੀ ਜਾਚ ਸਿਖਾਈ–ਕੀਰਤਨ ਵਿਅਕਤੀਗਤ ਭਗਤੀ ਤੋਂ ਉਪਰ ਸੰਗਤੀ ਭਗਤੀ ਹੈ। ਕੀਰਤਨ ਕਰਨਾ ਅਤੇ ਕੀਰਤਨ ਸੁਣਨਾ ਦੋਵੇਂ ਕਿਸਮ ਦੀ ਭਗਤੀ ਸੰਗਤੀ ਹੈ। ਸਤਿਗੁਰੂ ਸਾਹਿਬਾਨ ਨੇ ਬਾਣੀ ਰਚ ਕੇ ਅਤੇ ਸੰਗੀਤ ਦੀ ਟੇਕ



www.AKJ.Org

ਦੇ ਕੇ ਪੁਰਾਤਨ ਭਗਤੀ ਪਰੰਪਰਾ ਨੂੰ ਨਵੀਂ ਸੇਧ ਬਖਸ਼ੀ ਹੈ।

(੩) ਸਿਮਰਨ ਕਰਨਾ—

ਸਮੁਚੀ ਬਾਣੀ ਵਿਚ ਉਪਦੇਸ਼ ਦਾ ਸਾਰਾ ਜ਼ੋਰ ਨਾਮ **ਜਪਣ** ਤੇ ਹੈ। ਪਰ ਨਾਮ ਕਿਸ ਦਾ ਜਪਣਾ ਹੈ ? ਅਵਤਾਰਾਂ ਜਾਂ ਦੇਵੀ ਦੇਵਤਿਆਂ ਦੇ ਨਾਮ ਜਪਣ ਨਾਲੋਂ ਸਤਿਗੁਰਾਂ ਨੇ ਇਹ ਸਿਖਿਆ ਦਿਤੀ :—

ਨਾਨਕ ਸਦਾ ਧਿਆਈਐ, ਧਿਆਵਨ ਜੋਗ ॥੧॥੬॥ (ਗਉੜੀ ਸੁਖਮਨੀ ਮ: ੫, ਪੰਨਾ ੨੬੯)

ਪਾ: ੧੦ ਦਾ ਫੁਰਮਾਨ ਹੈ—

ਧਿਆਨ ਧਰੋ ਤਿਹ ਕੋ ਮਨ ਮੈਂ, ਜਿਹ ਕਉ ਅਮਿਤੋਜ ਸਭੈ ਜਗੁ ਛਾਇਓ ॥੮॥੨੫੦॥

(ਤ੍ਵ ਪ੍ਰਸਾਦਿ ਸਵੱਯੇ ਪਾ: ੧੦ )

ਕੇਵਲ ਅਕਾਲ ਪੁਰਖ ਹੀ ਅਜੂਨੀ ਹੈ, ਬਾਕੀ ਸਾਰੇ ਦੇਵੀ ਦੇਵਤੇ ਜੂਨਾਂ ਵਿਚ ਫਿਰਦੇ ਹਨ। ਕੀ ਜੂਨਾਂ ਵਿਚ ਭਟਕਣ ਵਾਲਿਆਂ ਦਾ ਨਾਮ ਜਪਣ ਨਾਲ ਪਰਮਾਤਮਾ ਮਿਲਦਾ ਹੈ। ਸਤਿਗੁਰਾਂ ਦਾ ਤਾਂ ਇਹੋ ਉਪਦੇਸ਼ ਹੈ ਕਿ ਪਰਮਾਤਮਾ ਤਾਂ ਪ੍ਰੇਮ ਕੀਤਿਆਂ ਅਤੇ ਉਸਨੂੰ ਪਿਆਰ ਨਾਲ ਯਾਦ ਕੀਤਿਆਂ ਹੀ ਤਰੁਠਦਾ ਹੈ, ਦਰਸ਼ਨ ਦਿੰਦਾ ਹੈ, ਆਪਣੇ ਵਿਚ ਮੇਲ ਲੈਂਦਾ ਹੈ। ਇਸ ਲਈ ਪੁਰਾਣੇ ਨਾਵਾਂ ਨੂੰ ਨਵੇਂ ਅਰਥ ਦੇ ਕੇ ਬਾਣੀ ਵਿਚ ਵਰਤਿਆ। ਹੁਣ ਰਾਮ ਅਜੁਧਿਆ ਵਾਲਾ ਨਹੀਂ ਸੀ, ਸਗੋਂ ਸਰਬ ਵਿਆਪੀ ਰਾਮ ਮੰਨਿਆ ਗਿਆ।

ਰਾਮੁ ਜਪਉ ਜੀਅ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥੬੧॥

(ਗਉੜੀ ਕਬੀਰ ਜੀ, ਪੰਨਾ ੩੩੭)

ਗੋਬਿੰਦ, ਗੁਪਾਲ, ਮੁਰਾਰ, ਖੁਦਾਇ, ਅਲਹ, ਆਦਿ ਉਸ ਪਰਮਾਤਮਾ ਲਈ ਵਰਤੇ ਗਏ ਵੰਨਗੀ ਮਾਤਰ ਸ਼ਬਦ ਹਨ। ਭਾਈ ਗੁਰਦਾਸ ਜੀ ਨੇ ਸਪੱਸ਼ਟ ਕੀਤਾ ਕਿ ਗੁਰਸਿਖ ਦੇ ਜਪਣ ਲਈ ਵਾਹਿਗੁਰੂ ਗੁਰਮੰਤਰ ਹੈ, ਜਿਹਾ ਕਿ—ਵਾਹਿਗੁਰੂ ਗੁਰਮੰਤ੍ਰ ਹੈ, ਜਪਿ ਹਉਮੈ ਖੋਈ ॥ (੧੩/੨)

(੪) ਚਰਨ ਸੇਵਾ—

ਸਤਿਗੁਰਾਂ ਦੇ ਆਗਮਨ ਤੋਂ ਪਹਿਲਾਂ ਮੂਰਤੀ ਪੂਜਨ ਆਮ ਪਰਚਲਤ ਸੀ, ਅਤੇ ਹੁਣ ਭੀ ਹੈ। ਮੂਰਤੀ ਦੇ ਚਰਨ ਧੋ ਧੋ ਕੇ ਪੀਣ ਨੂੰ ਚਰਨ ਸੇਵਾ ਕਹਿੰਦੇ ਹਨ। ਇਸ ਨੂੰ ਚਰਨਾਮ੍ਰਿਤ ਲੈਣਾ ਕਿਹਾ ਜਾਂਦਾ ਸੀ। ਨਿੱਤ ਠਾਕੁਰ ਜੀ ਦੇ ਚਰਨ ਧੋ ਧੋ ਕੇ ਪੀਤੇ ਜਾਂਦੇ ਸਨ। ਇਹ ਭੀ ਇਕ ਪ੍ਰਕਾਰ ਦੀ ਸ਼ਾਹਕਾਰ ਭਗਤੀ ਹੈ। ਸਤਿਗੁਰਾਂ ਨੇ ਮੂਰਤੀ-ਪੂਜਾ ਬੰਦ ਕਰਵਾ ਦਿੱਤੀ, ਉਸਦੀ ਥਾਂ ਆਪਣਾ ਅੰਗੂਠਾ ਛੁਹਾ ਕੇ ਚਰਨਾਮ੍ਰਿਤ ਸਿੱਖਾਂ ਨੂੰ ਪਿਲਾਇਆ। ਇਉਂ ਗੁਰੂ ਭਗਤੀ ਅਤੇ ਅਕਾਲ ਪੁਰਖ ਦੀ ਭਗਤੀ ਦਾ ਗੁਰੂ ਦੇ ਸ਼ਾਹਕਾਰ ਰੂਪ ਵਿਚ ਸੁਮੇਲ ਹੋਇਆ।

ਚਰਨ ਧੋਇ ਰਹਰਾਸਿ ਕਰਿ, ਚਰਣਾਮ੍ਰਿਤੁ ਸਿਖਾਂ ਪੀਲਾਇਆ ॥...

ਕਲਿਜੁਗੁ ਬਾਬੇ ਤਾਰਿਆ, ਸਤਿਨਾਮੁ ਪੜਿ ਮੰਤ੍ਰ ਸੁਣਾਇਆ ॥ (ਭਾਈ ਗੁਰਦਾਸ ਜੀ, ੧/੨੩)

ਇਹੀ ਚਰਨ ਪਾਹੁਲ ਦਸਵੇਂ ਜਾਮੇ ਵਿਚ ਖੰਡੇ ਦੀ ਪਾਹੁਲ ਬਣ ਗਈ, ਜੋ ਹੁਣ ਤਕ ਪਰਚਲਤ ਹੈ, ਔਰ ਇਹ ਖੰਡੇ ਦੀ ਪਾਹੁਲ ਹੁਣ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਤਿਆਰ ਕੀਤੀ ਜਾਂਦੀ ਹੈ। ਗੁਰਮਤਿ ਵਿਚ ਕਿਸੇ ਸਾਧ ਸੰਤ ਦੇ ਚਰਨ ਧੋ ਕੇ ਪੀਣਾ ਮਨ੍ਹਾ ਹੈ। ਚਰਨਾਮ੍ਰਿਤ ਦੀ ਥਾਂ ਖੰਡੇ ਦਾ ਅੰਮ੍ਰਿਤ ਸਿੱਖਾਂ ਨੂੰ ਪਿਲਾਇਆ ਜਾਂਦਾ ਹੈ।

(੫) ਅਰਚਨਾ—

ਫੁਲ ਅਤੇ ਜਲ ਭੇਟ ਕਰਨਾ, ਇਹ ਪੁਰਾਤਨ ਪੂਜਾ ਦਾ ਸਰੂਪ ਸੀ। ਅਰਚਨਾ ਦੇ ਅਰਥ ਉਸਤਤ ਕਰਨ ਦੇ ਭੀ ਮਹਾਨ ਕੋਸ਼ ਵਿਚ ਲਿਖੇ ਹਨ। ਸਿਖ ਦੀ ਅਰਚਨਾ ਹੁਣ ਫੁਲ ਅਤੇ ਦੇਗ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭੇਟ ਕਰਨ ਵਿਚ ਹੈ।


www.AKJ.Org

(੬) ਬਦਨਾ (ਨਮਸਕਾਰ ਕਰਨਾ)–

ਪੁਰਾਤਨ ਭਗਤੀ ਪਰੰਪਰਾ ਵਿਚ ਅਨੇਕਾਂ ਦੇਵੀ ਦੇਵਤਿਆਂ ਨੂੰ ਨਮਸਕਾਰ ਕੀਤੀ ਜਾਂਦੀ ਸੀ। ਇਸਲਾਮ ਵਿਚ ਭੀ ਬੰਦਨਾ ਹੈ, ਜਦੋਂ ਉਹ ਪੱਛਮ ਵਲ ਮੂੰਹ ਕਰ ਕੇ ਨਿਮਾਜ਼ ਦੇ ਦੌਰਾਨ ਘੜੀ ਘੜੀ ਮੱਥਾ ਟੇਕਦੇ ਹਨ। ਉਹਨਾਂ ਦੇ ਸਾਹਮਣੇ ਭਾਵੇਂ ਦੀਵਾਰ ਹੋਵੇ, ਭਾਵੇਂ ਖ਼ਾਲੀ ਥਾਂ, ਉਹ ਧਿਆਨ ਵਿਚ ਆਪਣੇ ਪਵਿਤਰ ਕਾਅਬੇ ਨੂੰ ਨਮਸਕਾਰ ਕਰੀ ਜਾਂਦੇ ਹਨ, ਤਾਂ ਹੀ ਦਸਮੇਸ਼ ਜੀ ਨੇ ਇਹਨਾਂ ਨੂੰ ਸੁਆਲ ਕੀਤੇ–

ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ, ਕਾਹੂ ਪਛਾਹ ਕੋ ਸੀਸ ਨਿਵਾਇਓ ॥੧੦॥

(ਤ੍ਵ ਪ੍ਰਸਾਦਿ ਸਵੱਯੇ ਪਾ: ੧੦)

ਸ੍ਰੀ ਜਾਪ ਸਾਹਿਬ ਤਾਂ ਨਿਰੋਲ ਬੰਦਨਾ ਦੀ ਬਾਣੀ ਹੈ। ਅਕਾਲ ਉਸਤਤ ਭੀ ਹੈ ਤੇ ਅਨੇਕਾਂ ਬਾਰ ਨਮਸਕਾਰ ਭੀ ਹੈ। ਜੇ ਇਸ ਬਾਣੀ ਦਾ ਨਿਤਨੇਮ ਕਰਨ ਲਗਿਆਂ ਜ਼ਰਾ ਮਨ ਟਿਕਾਅ ਕੇ ਅਤੇ ਸਹਜੇ ਸਹਜੇ ਕੀਤਾ ਜਾਏ ਤਾਂ ਇਹ ਬੰਦਨਾ ਰੂਪ ਬੇਨਤੀ ਸਚਖੰਡ ਤਕ ਸ਼ਬਦ ਦੇ ਵਾਹਨ ਰਾਹੀਂ ਪਹੁੰਚਦੀ ਹੈ। ਕਾਹਲੀ ਕਾਹਲੀ ਵਿਚ ਜਾਪੁ ਸਾਹਿਬ ਦਾ ਕੀਤਾ ਪਾਠ ਉਥੇ ਨਹੀਂ ਅਪੜਦਾ।

(੭) ਸਖਾ ਭਗਤੀ–

ਪੁਰਾਤਨ ਭਗਤ ਭਗਵਾਨ ਨੂੰ ਆਪਣਾ ਮਿੱਤਰ ਬਣਾ ਕੇ ਸਤਕਾਰਦੇ ਸਨ। ਉਹਨਾਂ ਸਾਹਮਣੇ ਸੁਦਾਮਾ ਅਤੇ ਕ੍ਰਿਸ਼ਨ ਦੀ ਮਿਸਾਲ ਹੁੰਦੀ ਹੈ। ਇਸਲਾਮ ਵਿਚ ਹਜ਼ਰਤ ਮੁਹੰਮਦ ਸਾਹਿਬ ਆਪਣੇ ਆਪ ਨੂੰ ਰੱਬ ਦਾ ਮਿੱਤਰ ਅਖਵਾਉਂਦੇ ਸਨ। ਗੁਰਮਤਿ ਅੰਦਰ ਸਤਿਗੁਰੂ (ਜੋ ਅਕਾਲ ਪੁਰਖ ਦਾ ਹੀ ਸ਼ਾਹਕਾਰ ਰੂਪ ਹੈ) ਜਾਂ ਅਕਾਲ ਪੁਰਖ, ਮਿੱਤਰ ਮੰਨਿਆ ਗਿਆ ਹੈ :–

ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ ॥੪॥੧॥ (ਮਾਝ ਮ: ੪, ਪੰਨਾ ੯੪)

ਮੁਸਲਮਾਨ ਸੂਫੀ ਰੱਬ ਨੂੰ ਯਾਰ ਕਹਿੰਦੇ ਹਨ, ਪਰ ਉਹਨਾਂ ਦੀ ਪਰੰਪਰਾ ਵਿਚ ਰੱਬ ਨੂੰ ਇਉਂ ਉਲਾਂਭੇ ਦਿਤੇ ਜਾਂਦੇ ਜਿਵੇਂ ਆਮ ਸੰਸਾਰੀ ਮਿਤਰ ਨੂੰ। ਪਰ ਗੁਰੂ ਸਾਹਿਬਾਨ ਨੇ ਮਿਤਰ-ਭਗਤੀ ਲਈ ਸਿੱਖਾਂ ਨੂੰ ਇਹ ਉਪਦੇਸ਼ ਦੇ ਕੇ ਇਕ ਨਵੀਂ ਸੇਧ ਦਿੱਤੀ ਹੈ ਕਿ ਸਦਾ ਆਪਣੇ ਮਿਤਰ ਦੇ ਹੁਕਮ ਵਿਚ ਹੀ ਰਹਿਣਾ ਹੈ :–

ਮੀਤੁ ਕਰੈ ਸੋਈ ਹਮ ਮਾਨਾ ॥ ਮੀਤ ਕੇ ਕਰਤਬ ਕੁਸਲ ਸਮਾਨਾ ॥੧॥੧੦੯॥

(ਗਉੜੀ ਮ: ੫, ਪੰਨਾ ੧੮੭)

(੮) ਦਾਸਤ-ਭਾਵ-ਭਗਤੀ–

ਮਿਤਰ ਭਗਤੀ ਤੋਂ ਹੱਟ ਕੇ ਦਾਸ-ਚਾਕਰ ਭਾਵਨਾ ਨਾਲ ਭਗਤੀ ਕਰਨਾ ਭੀ ਪੁਰਾਤਨ ਪਰੰਪਰਾ ਦਾ ਇਕ ਅੰਗ ਰਿਹਾ ਹੈ। ਰਾਮ ਦੇ ਭਗਤਾਂ ਦਾ (ਜਿਵੇਂ ਹਨੂੰਮਾਨ, ਬਿਭੀਖਣ, ਸੁਗਰੀਵ, ਲਛਮਣ, ਭਰਤ ਆਦਿ) ਸਰੂਪ ਦਾਸਤ ਭਾਵ ਵਾਲੇ ਭਗਤਾਂ ਦਾ ਪਰਤੀਤ ਹੁੰਦਾ ਹੈ। ਗੁਰਮਤਿ ਵਿਚ ਰਾਮ ਦਾ ਸਰੂਪ ਹੀ ਹੋਰ ਹੈ, ਉਹ ਸਰਬ ਵਿਆਪੀ ਰਾਮ ਹੈ। ਸਿੱਖ ਨੂੰ ਸਰਬ ਵਿਆਪੀ ਰਾਮ ਦਾ ਚਾਕਰ ਬਣਨ ਲਈ ਉਪਦੇਸ਼ ਦਿੱਤਾ ਗਿਆ ਹੈ।

ਹਮ ਚਾਕਰ ਗੋਬਿੰਦ ਕੇ, ਠਾਕੁਰੁ ਮੇਰਾ ਭਾਰਾ ॥

ਕਰਨ ਕਰਾਵਨ ਸਗਲ ਬਿਧਿ ਸੋ ਸਤਿਗੁਰੂ ਹਮਾਰਾ ॥੧॥੧੧੬॥ (ਆਸਾ ਮ: ੫–੩੯੯)

ਪਰ ਨਾਲ ਹੀ ਸਹੀ ਚਾਕਰ ਬਣਨ ਦੀ ਸੇਧ ਭੀ ਦੇ ਦਿੱਤੀ–

ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ ॥

ਵਜਹੁ ਗਵਾਏ ਆਪਣਾ ਤਖਤਿ ਨ ਬੈਸਹਿ ਸੋਇ ॥੪੫॥ (ਰਾਮਕਲੀ ਮ: ੫ ਓਅੰਕਾਰੁ, ਪੰ: ੯੩੬)

ਭਾਵ, ਹੰਕਾਰਿਆ ਹੋਇਆ ਨੌਕਰ ਆਪਣੇ ਸੰਸਾਰੀ ਮਾਲਕ ਨੂੰ ਤੇ ਭਾਉਂਦਾ ਨਹੀਂ, ਭਲਾ ਏਡੇ ਵਡੇ ਸ੍ਰਿਸ਼ਟੀ ਦੇ ਮਾਲਕ ਨੂੰ ਹੰਕਾਰਿਆ ਹੋਇਆ ਦਾਸ-ਭਾਵੀ ਸੇਵਕ ਕਿਵੇਂ ਚੰਗਾ ਲਗ ਸਕੇਗਾ ? ਕਦੀ ਨਹੀਂ। ਸਹੀ ਸੇਧ ਦਿੰਦੇ ਹੋਏ ਫੁਰਮਾਇਆ ਹੈ–



www.AKJ.Org

ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ॥
ਹੁਰਮਤਿ ਤਿਸਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ॥ (ਮ: ੨, ਆਸਾ ਕੀ ਵਾਰ, ਪੰਨਾ ੪੭੪)

**ਭਾਵ,** ਜਿਹੜਾ ਸੇਵਕ ਬਹੁਤੀਆਂ ਗੱਲਾਂ ਨ ਬਣਾਵੇ, ਪਰ ਆਪਣੇ ਮਾਲਕ ਦੇ ਹੁਕਮ ਨੂੰ ਸਿਰ ਮੱਥੇ ਮੰਨੇ, ਉਸ ਉਪਰ ਮਾਲਕ ਦੀਆਂ ਖੁਸ਼ੀਆਂ ਹੁੰਦੀਆਂ ਹਨ ਅਤੇ ਉਸ ਦੇ ਮਿਹਨਤਾਨੇ ਵਿਚ ਭੀ ਵਾਧਾ ਕੀਤਾ ਜਾਂਦਾ ਹੈ।

**(੯) ਸਮਰਪਣ ਭਗਤੀ–**

**ਦਰਅਸਲ** ਸਹੀ ਭਗਤੀ ਅਰੰਭ ਹੀ ਸਮਰਪਣ ਤੋਂ ਹੁੰਦੀ ਹੈ। ਸਨਮੁਖ ਸਿੱਖ ਅਤੇ ਬੇਮੁਖ ਸਿੱਖ ਵਿਚਕਾਰ ਸਭ ਤੋਂ ਵੱਡਾ ਅੰਤਰ ਹੀ ਇਹੀ ਹੈ ਕਿ ਸਨਮੁਖ ਆਪਣਾ 'ਆਪਾ ਭਾਵ' ਛੱਡ ਸਤਿਗੁਰੂ ਦੇ ਪਰਾਇਣ ਹੋਏ ਰਹਿੰਦਾ ਹੈ, ਤੇ ਬੇਮੁਖ ਆਪਣੇ ਆਪੇ ਨਾਲ ਤਰਕਸ਼ੀਲ ਬਣਿਆ ਰਹਿੰਦਾ ਹੈ। ਨੌਂ ਗੁਰੂ ਸਾਹਿਬਾਨ ਤਕ ਸਿੱਖ ਚਰਨ ਪਾਹੁਲ ਲੈ ਕੇ ਆਪਣੇ ਆਪ ਨੂੰ ਗੁਰੂ ਨੂੰ ਸਮਰਪਣ ਕਰਦੇ ਆਉਂਦੇ ਸਨ, ਪਰ ਸੀਸ-ਭੇਟ ਦਾ ਜੋ ਕੌਤਕ ਦਸਮੇਸ਼ ਪਿਤਾ ਨੇ ਭਰੇ ਦੀਵਾਨ ਵਿਚ ਵਰਤਾਇਆ, ਉਹ ਸਿੱਖਾਂ ਦੇ ਆਪਾ ਸਮਰਪਣ ਦੀ ਜੀਉਂਦੀ ਜਾਗਦੀ ਮਿਸਾਲ ਹੈ। ਬਾਣੀ ਵਿਚ ਸਿੱਖ ਪੜ੍ਹਦੇ ਤਾਂ ਆਏ ਸਨ–

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ, ਹੁਕਮਿ ਮੰਨਿਐ ਪਾਈਐ ॥੯॥ (ਅਨੰਦ ਸਾਹਿਬ)

**ਪਰ ਸੀਸ-ਭੇਟ** ਦੇ ਸਮਾਗਮ ਵਿਚ ਤਨ, ਮਨ, ਧਨ, ਸਭ ਕੁਝ ਗੁਰੂ ਤੋਂ ਕੁਰਬਾਨ ਕਰ ਕੇ ਪ੍ਰੇਮਾ ਭਗਤੀ ਦੇ ਖੇਤਰ ਵਿਚ ਸਭ ਤੋਂ ਵੱਡਾ ਕਾਰਨਾਮਾ ਹੈ।

**ਦਸਮੇਸ਼** ਜੀ ਦੇ ਸੀਸ-ਭੇਟ ਕੌਤਕ ਵਿਚ ਕਈ ਵਿਦਵਾਨ ਬੱਕਰੇ ਖਿਚ ਧੂਹ ਕੇ ਲੈ ਆਉਂਦੇ ਹਨ। ਇਹ ਸਤਿਗੁਰਾਂ ਦਾ ਘੋਰ ਅਪਮਾਨ ਹੈ। ਅਖੇ ਸੀਸ ਤਾਂ ਸਤਿਗੁਰਾਂ ਨੇ ਬਕਰਿਆਂ ਦੇ ਝਟਕਾਏ ਸੀ, ਬਾਕੀ ਤਾਂ ਸਭ ਨਾਟਕ ਸੀ। ਉਹਨਾਂ ਦੇ ਭਾਅ ਦਾ ਸਮਰਪਣ ਜਾਂ ਸੀਸ ਭੇਟ ਸਮਾਗਮ ਇਕ ਨਾਟਕ ਹੀ ਸੀ। ਜੇ ਉਹਨਾਂ ਦੀ ਦਲੀਲ ਦੇ ਮਗਰ ਤੁਰੀਏ ਤਾਂ ਖਾਲਸੇ ਦੀ ਸਿਰਜਨਾ ਭੀ ਇਕ ਨਾਟਕ ਸੀ। ਅਤੇ ਨਾਟਕ ਫਿਰ ਭੀ ਨਾਟਕ ਹੀ ਹੁੰਦਾ ਹੈ, ਇਹ ਇਕ ਝੂਠੀ ਮੂਠੀ ਦਾ ਤਮਾਸ਼ਾ ਹੀ ਹੁੰਦਾ ਹੈ। ਖਾਲਸੇ ਦੀ ਸਿਰਜਨਾ ਝੂਠੀ ਮੂਠੀ ਦਾ ਖੇਲ ਨਹੀਂ ਸੀ, ਕਿਉਂਕਿ ਖਾਲਸੇ ਵਿਚ ਹੁਣ ਭੀ ਅਗੰਮੀ ਤੇਜ ਪਰਤਾਪ ਹੈ। ਦਸਮੇਸ਼ ਜੀ ਦੇ ਅੰਗ-ਸੰਗ ਰਹਿ ਕੇ ਅਤੇ ਉਹਨਾਂ ਤੋਂ ਮਗਰੋਂ ਖਾਲਸੇ ਨੇ ਉਹ ਕੁਝ ਕਰ ਵਿਖਾਇਆ ਹੈ, ਜੋ ਨਾਟਕੀ ਪਾਤਰ ਕਦੀ ਨਹੀਂ ਕਰ ਸਕਦੇ।

**ਉਸ ਸਮੇਂ** ਜਿਹੜੇ ਸਿੱਖ ਸੀਸ ਭੇਟ ਲਈ ਅੰਦਰੋਂ ਤਾਂ ਤਿਆਰ ਸੀ, ਪਰ ਸਤਿਗੁਰਾਂ ਨੇ ਹੋਰ ਸੀਸ ਲੈਣੇ ਬੰਦ ਕਰ ਦਿੱਤੇ ਅਤੇ ਉਹਨਾਂ ਨੇ ਮਗਰੋਂ ਅੰਮ੍ਰਿਤ ਪਾਨ ਕੀਤਾ, ਉਹ ਤਾਂ ਸਨਮੁਖ ਜਾਂ ਗੁਰਮੁਖ ਅਖਵਾਏ। ਜਿਨ੍ਹਾਂ ਨੇ ਸੀਸ ਭੇਟਾ ਕਰ ਦਿੱਤਾ, ਉਹ ਫਿਰ ਗੁਰੂ ਕੇ ਪਿਆਰੇ ਅਖਵਾਏ। ਪਰ ਜਿਹੜੇ ਭੱਜ ਗਏ ਡਰਦੇ ਮਾਰੇ, ਜਾਂ ਜਿਨ੍ਹਾਂ ਨੇ ਸਤਿਗੁਰਾਂ ਦੀ ਸ਼ਾਨ ਦੇ ਖ਼ਿਲਾਫ ਕੁਝ ਕਿਹਾ ਜਾਂ ਜਿਹੜੇ ਅੰਮ੍ਰਿਤ ਛਕਣ ਤੋਂ ਸੰਕੋਚਦੇ ਰਹੇ, ਉਹ ਮਨਮੁਖ ਜਾਂ ਬੇਮੁਖ ਆਖੇ ਗਏ। ਪ੍ਰੇਮਾ ਭਗਤੀ ਮਾਰਗ ਦੀ ਪਉੜੀ ਦਾ ਪਹਿਲਾ ਡੰਡਾ ਹੀ ਇਹ ਹੈ, ਗੁਰੂ ਉਤੇ ਦ੍ਰਿੜ੍ਹ ਵਿਸ਼ਵਾਸ ਅਤੇ ਆਤਮ ਸਮਰਪਣ। ਜਿਹੜਾ ਆਪਣਾ ਆਪ ਗੁਰੂ ਦੇ ਅਰਪਣ ਨਹੀਂ ਕਰਦਾ, ਜਾਂ ਨਹੀਂ ਕਰ ਸਕਦਾ, ਉਹ ਇਸ ਮਾਰਗ ਤੇ ਨਹੀਂ ਚਲ ਸਕਦਾ।

**ਮੁਕਦੀ** ਗੱਲ ਇਹ ਹੈ ਕਿ ਉਪਰੋਕਤ ਨੌਂ ਪ੍ਰਕਾਰ ਦੀ ਭਗਤੀ, ਗੁਰੂ ਘਰ ਵਿਚ ਹੁਣ ਅੰਮ੍ਰਿਤ ਛੱਕ ਕੇ ਸਿਮਰਨ ਸੇਵਾ ਅਤੇ ਕੀਰਤਨ ਵਿਚ ਹੀ ਹੈ।

---


ਖਾਲਸਾ ਜੀ ਦਾ ਗੁਰਮਤਿ ਆਦਰਸ਼

**ਪਾਕਿਸਤਾਨੀ** ਘਲੂਘਾਰੇ ਪਿਛੋਂ ਜਰਵਾਣਿਆਂ ਦੇ ਜ਼ੁਲਮਾਂ ਨੂੰ ਠਲ੍ਹ ਪਾਉਣ ਲਈ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਇਸ ਟ੍ਰੈਕਟ ਰਾਹੀਂ ਸਿਖ ਕੌਮ ਨੂੰ ਸੰਦੇਸ਼ ਦਿਤਾ ਕਿ ਜ਼ਾਲਮਾਂ ਉਤਪਾਤੀਆਂ ਨੂੰ ਸੋਧਣਾ ਪ੍ਰਬੋਧਣਾ ਖਾਲਸਾ ਜੀ ਦਾ ਧੁਰ-ਧੁਰੰਦਰੀ ਧਰਮ ਹੈ, ਪਰ ਅਬਲਾਵਾਂ, ਬੱਚਿਆਂ, ਨਿਹੱਥੇ ਮਾਸੂਮਾਂ ਦਾ ਕਤਲ ਕਰਨਾ ਕੋਈ ਬਹਾਦਰੀ ਨਹੀਂ। ਇਹ ਟ੍ਰੈਕਟ ਹੁਣ ਦੁਬਾਰਾ ਛਪ ਗਿਆ ਹੈ। ਭੇਟਾ 0-75


www.AKJ.Org

# ਭਾਈ ਕੀਰਤੀਆ

ਸੰਮਤ ੧੭੩੪ ਬਿਕਰਮੀ ਨੂੰ ਦੀਵਾਨ ਵਿਚ ਗੁਰੂ ਜੀ ਬੈਠੇ ਸਨ, ਕਲੰਦਰਾਂ ਨੇ ਆ ਕੇ ਬਾਂਦਰ, ਰਿੱਛ ਨਚਾਏ, ਸਿੱਖ ਹਸਾਏ। ਗੁਰੂ ਜੀ ਨੇ ਆਪਣੇ ਉਤੇ ਚੌਰ ਕਰਨ ਵਾਲੇ ਭਾਈ ਕੀਰਤੀਏ ਨੂੰ ਕਿਹਾ, "ਤੂੰ ਏਸ ਰਿੱਛ ਨੂੰ ਜਾਣਦਾ ਹੈਂ ?" ਉਹ ਬੋਲਿਆ, "ਜੀ, ਮੈਂ ਨਹੀਂ ਜਾਣਦਾ।" ਗੁਰੂ ਜੀ ਬੋਲੇ, ਏਹ ਤੇਰਾ ਬਾਪ ਸੋਭਾ ਰਾਮ ਹਈ, ਅੱਠ ਬਰਸ ਹੋਏ ਦੇਹ ਛਡ, ਉਤਰ ਕਾਸ਼ੀ ਦੇ ਪਰਬਤ ਵਿਚ ਜਾ, ਰਿੱਛ ਜੋਨੀ ਪਾ ਲੀਤੀ ਹੈਸ।" ਕਲੰਦਰਾਂ ਨੇ ਕਿਹਾ, "ਇਹ ਗੱਲ ਸੱਚ ਹੈ, ਅਸੀਂ ਇਸ ਨੂੰ ਓਥੋਂ ਹੀ ਫੜ ਕੇ ਲਿਆਏ ਹਾਂ।" ਭਾਈ ਕੀਰਤੀਏ ਨੇ ਫਿਰ ਚੌਰ ਧਰ ਕੇ ਆਖਿਆ, ਮੇਰੇ ਬਾਪ ਨੇ ਸੱਤਵੇਂ ਅਠਵੇਂ ਨੌਵੇਂ ਗੁਰੂ ਜੀ ਦੀ ਸੇਵਾ ਕੀਤੀ ਤਾਂ ਰਿੱਛ ਜੋਨੀ ਪਾਈ, ਹੁਣ ਮੈਂ ਤੁਹਾਡੀ ਸੇਵਾ ਕਰ ਕੇ ਬਾਂਦਰ ਹੋਵਾਂਗਾ। ਜਦ ਤੁਹਾਡੀ ਸੇਵਾ ਦਾ ਇਹੋ ਫਲ ਹੈ ਕਿ ਰਿੱਛ ਤੇ ਬਾਂਦਰ ਜੋਨੀ ਪਾ ਕੇ ਕਲੰਦਰਾਂ ਦੀ ਮਾਰ ਖਾਂਦੇ ਘਰ ਘਰ ਨੱਚਦੇ ਫਿਰਨਾ ਪੈਂਦਾ ਹੈ ਤਾਂ ਤੁਹਾਡੀ ਸੇਵਾ ਕਿਉਂ ਕਰਨੀ ਤੇ ਕਿਉਂ ਤੁਹਾਨੂੰ ਗੁਰੂ ਮੰਨਣਾ ਹੈ ?

ਗੁਰੂ ਜੀ ਨੇ ਹੱਸ ਕੇ ਕਿਹਾ, ਓਸ ਨੇ ਰਿੱਛ ਹੋਣ ਦਾ ਕਰਮ ਕੀਤਾ ਸੋ ਰਿੱਛ ਹੋਇਆ, ਜੋ ਬਾਂਦਰ ਹੋਣ ਦਾ ਕਰਮ ਕਰੇਗਾ ਸੋ ਬਾਂਦਰ ਹੋ ਜਾਊ। ਸੰਤ ਭਗਤ ਦੇ ਸਰਾਪ ਨੂੰ ਤਾਂ ਬ੍ਰਹਮਾ ਵਿਸ਼ਨ ਭੀ ਨਹੀਂ ਮੇਟ ਸਕਦੇ। ਤੇਰੇ ਬਾਪ ਨੇ ਗੁਰੂ ਜੀ ਦੇ ਰੂਬਰੂ ਰਿਛ ਹੋਣ ਦਾ ਕਰਮ ਕੀਤਾ, ਤਦ ਸਿੱਦਕੀ ਸਿੱਖ ਨੇ ਸਰਾਪ ਦਿਤਾ, ਓਹ ਰਿੱਛ ਹੋਇਆ, ਕਿਉਂਕਿ—

ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥

ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥ (ਸਾਰਗ ਮ: ੫, ਪੰਨਾ ੧੨੦੪)

ਫੇਰ ਜਦ ਸਿੱਖਾਂ ਨੇ ਸਰਾਪ ਹੋਣ ਦਾ ਕਾਰਨ ਪੁਛਿਆ ਤਾਂ ਗੁਰੂ ਜੀ ਨੇ ਫ਼ੁਰਮਾਇਆ, ਇਕ ਸਿਦਕੀ ਸਿੱਖ ਭਾਈ ਸੰਤਾ ਨਾਮੇ ਜ਼ਿਮੀਦਾਰ ਹੈ। ਓਹ ਸਦਾ ਆਪਣੀ ਕਮਾਈ ਵਿਚੋਂ ਦਸਵਾਂ ਹਿਸਾ ਗੁਰੂ ਜੀ ਦੇ ਲੰਗਰ ਵਿਚ ਪਾਉਂਦਾ ਹੈ। ਓਨ ਦੂਸਰੇ ਦਾ ਇਕ ਕੱਖ ਭੀ ਆਪਣੀ ਕਮਾਈ ਵਿਚ ਕਦੇ ਮਿਲਣ ਨਹੀਂ ਦਿਤਾ, ਨਾ ਓਹ ਕਦੇ ਝੂਠ ਬੋਲਿਆ ਹੈ। ਜਦ ਓਹ ਅਨਾਜ ਦਾ ਗੱਡਾ ਭਰ ਕੇ ਲੈ ਆਇਆ, ਸੋਭਾ ਰਾਮ ਕੜਾਹ ਪ੍ਰਸ਼ਾਦ ਵਰਤਾ ਰਿਹਾ ਸੀ, ਓਨ ਮੰਗਿਆ ਤਾਂ ਸੋਭੇ ਨੇ ਆਖਿਆ, ਪਰੇ ਖੜ੍ਹਾ ਰਹੁ, ਕਿੱਥੋਂ ਰਿੱਛ ਜੇਹਾ ਅੱਗੇ ਆਉਂਦਾ ਹੈਂ ? ਉਨ ਬੇਨਤੀ ਕੀਤੀ, ਮੇਰਾ ਗੱਡਾ ਜਾਂਦਾ ਹੈ, ਮੈਂ ਛੇਤੀ ਜਾਣਾ ਹੈ, ਪ੍ਰਸ਼ਾਦ ਦੇ ਦਿਓ। ਸੋਭੇ ਨੇ ਰੜਕ ਕੇ ਓਸ ਨੂੰ ਫੇਰ ਰਿੱਛ ਤੇ ਬੂਛ ਜੱਟ ਦਸਿਆ। ਤਾਂ ਓਨ ਜ਼ਿਮੀ ਉਤੋਂ ਕੁਣਕੇ ਦਾ ਭੋਰਾ ਚੁੱਕ ਕੇ ਸ਼ਰਧਾ ਨਾਲ ਮੂੰਹ ਪਾਇਆ ਤਾਂ ਉਸ ਦੇ ਬਚਨ ਵਿਚ ਅਜਿਹੀ ਸੱਤਾ ਹੋਈ ਜੋ ਮੂੰਹੋਂ ਕਹੇ, ਸੋਈ ਹੋ ਜਾਵੇ। ਤਦ ਸੋਭਾ ਰਾਮ ਨੂੰ ਇਹ ਸਰਾਪ ਦਿਤਾ ਕਿ ਜਿਕੂੰ ਤੂੰ ਨੱਕ ਚੜ੍ਹਾ, ਹੱਥ ਨਚਾ ਮੈਨੂੰ ਰਿੱਛ ਦਸਿਆ ਹੈ, ਜਾਹ ਤੂੰ ਹੀ ਰਿੱਛ ਜੋਨੀ ਪਾ, ਨੱਕ ਚਿੜਵਾ, ਘਰ ਘਰ ਨੱਚਦਾ ਫਿਰ। ਓਸ ਸੱਚੇ ਸਿੱਖ ਦੇ ਸਰਾਪ ਨੇ ਸੋਭੇ ਨੂੰ ਰਿੱਛ ਜੋਨੀ ਦਿਤੀ ਹੈ। ਬਾਕੀ ਗੁਰੂ ਜੀ ਦੀ ਸੇਵਾ ਦਾ ਫਲ ਹੁਣ ਏਹ ਦੇਵ-ਜੋਨੀ ਪਾ ਕੇ ਸੱਚਖੰਡ ਨੂੰ ਜਾਏਗਾ।

ਭਾਈ ਸਿੱਖਾ ! ਜੀਕੂੰ ਮਾਤਾ ਪਿਤਾ ਆਪਣੇ ਬਦਨ ਤੇ ਸੰਕਲਪ ਪੂਰੇ ਕਰਨ ਦਾ ਹੱਠ ਛੱਡ ਕੇ ਆਪਣੇ ਬੱਚਿਆਂ ਦੇ ਬਚਨ ਤੇ ਸੰਕਲਪ ਪੂਰੇ ਕਰਦੇ ਹਨ, ਇਸ ਪ੍ਰਕਾਰ ਭਾਈ ਕੀਰਤੀਏ ਆਦਿਕ ਸਰਬ ਸਿੱਖਾਂ ਨੂੰ ਸਿਦਕ ਦ੍ਰਿੜ੍ਹਾ, ਪੁਨ, ਗੁਰੂ ਜੀ ਦੀ ਸੇਵਾ ਫਲ ਦਿਖਾਉਣ ਲਈ ਗੁਰੂ ਜੀ ਨੇ ਆਪਣਾ ਸੀਤ ਪ੍ਰਸ਼ਾਦ ਰਿੱਛ ਨੂੰ ਖਵਾਇਆ। ਤਾਂ ਓਹ ਰਿੱਛ ਦੇਹ ਛੱਡ ਕੇ ਦੇਵਤਾ ਹੋ ਗਿਆ, ਆਪਣਾ ਸਾਰਾ ਹਾਲ, ਗੁਰੂ ਜੀ ਦਾ ਤੇ ਸਿੱਖਾਂ ਦਾ ਪ੍ਰਤਾਪ ਵਰਣਨ ਕਰ ਸੁਣਾਇਆ। ਫੇਰ ਬਿਵਾਨ ਪਰ ਬੈਠ ਸੱਚਖੰਡ ਨੂੰ ਚਲਾ ਗਿਆ। ਕਲੰਦਰ ਰੋਣ ਲੱਗੇ ਤਾਂ ਗੁਰੂ ਜੀ ਨੇ ਉਹਨਾਂ ਨੂੰ ਖ਼ਜ਼ਾਨੇ ਵਿਚੋਂ ਰੁਪਏ ਦਿਵਾ ਦਿਤੇ। ਇਹ ਕੌਤਕ ਦੇਖ ਕੇ ਸਭ ਸਿੱਖ ਹੱਕੇ ਬੱਕੇ ਰਹਿ ਗਏ ਅਰ ਸ੍ਰੀ ਕਲਗੀਧਰ ਜੀ ਨੂੰ ਸਰਬ ਸ਼ਕਤੀਵਾਨ ਮੰਨਣ ਲੱਗੇ।

[ਗਿ: ਗਿਆਨ ਸਿੰਘ ਜੀ ਕ੍ਰਿਤ ਤਵਾਰੀਖ਼ ਗੁਰੂ ਖਾਲਸਾ, ਪੰਨਾ ੭੬੯-੭੦



www.AKJ.Org

# ਵੈਸਾਖੀ ਸਮੇਂ ਖ਼ਾਲਸੇ ਜੀ ਦੇ ਅਰਦਾਸੇ

[ਸਚਖੰਡ ਵਾਸੀ ਭਾਈ ਸ਼ਾਹਿਬ ਭਾਈ ਰਣਧੀਰ ਸਿੰਘ ਜੀ]

**ਨੋਟ :**—ਦੇਸ਼ ਦੀ ਵੰਡ ਪਿਛੋਂ ੧੯੪੮ ਵੈਸਾਖੀ ਸਮੇਂ ਭਾਈ ਸਾਹਿਬ ਜੀ ਨੇ, 'ਦੋ ਮਾਰਚ ਨੂੰ ਪਵਿਤਰ ਧਰਮ ਸ੍ਰੀ ਦਰਬਾਰ ਦੀ ਹੋਈ ਬੇਅਦਬੀ ਤੋਂ ਦੁਖਿਤ ਹੋ ਕੇ, ਇਕ ਟ੍ਰੈਕਟ "ਖਾਲਸਾ ਜੀ ਦਾ ਗੁਰਮਤਿ ਆਦਰਸ਼" ਛਪਵਾਇਆ, ਉਸ ਵਿਚੋਂ ਇਹ ਲੇਖ ਦਿਤਾ ਜਾ ਰਿਹਾ ਹੈ। —ਸੰਪਾਦਕ

ੴ

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਿਹ ॥

**ਗੁਰੂ ਪੰਥ** ਦੇ ਸਾਜਣ ਨਿਵਾਜਣਹਾਰ ਸ੍ਰੀ ਕਲਗੀਧਰ ਦਸਮੇਸ਼ ਪਿਤਾ ਨੇ ਅਕਾਲ ਪੁਰਖ ਦੇ ਅਟੱਲ ਤੇ ਅਚੱਲ ਹੁਕਮ ਅਨੁਸਾਰ ਸੰਸਾਰ ਭਰ ਵਿਖੇ, ਖ਼ਾਸ ਕਰ ਭਾਰਤ-ਵਰਸ਼ੀ ਹਸਰਾਤ (ਜਨਤਾ) ਉਤੇ ਪ੍ਰੀਵਰਤਣ; ਯਜ਼ਦਾਨ-ਹੁਕਮੀ ਪ੍ਰੀਵਰਤਣ ਲਿਆਉਣ ਲਈ, ਹੁਕਮ ਏਜ਼ਦੀ ਇਨਕਲਾਬ ਨੀਹਾਉਣ ਲਈ, ਹਾਂ! ਹਾਂ! ਅਚੱਲ ਪ੍ਰਮਾਰਥੀ ਖਾਲਸਈ ਰਾਜ ਵਿਥਾਰਨੀ ਨੀਂਹ ਅਚਲਾਉਣ ਅਟਲਾਉਣ ਲਈ ਵਿਸਾਖੀ ਦੇ ਦਿਨ ਹੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਅਲੌਕਿਕ ਰਾਜਸੀ ਯੱਗ ਰਚਿਆ, ਜਿਸ ਦੀ ਮਿਸਾਲ ਦੁਨੀਆ ਦੇ ਤਖ਼ਤੇ ਤੇ ਕਿਤੇ ਨਹੀਂ ਮਿਲਦੀ, ਨਾ ਅਗੇ ਨੂੰ ਮਿਲੇਗੀ। ਹਿੰਦੁਸਤਾਨ ਦੀਆਂ ਉਸ ਸਮੇਂ ਦੀਆਂ ਦੋਹਾਂ ਪ੍ਰਸਿਧ ਕੌਮਾਂ (ਅਰਥਾਤ, ਹਿੰਦੂ ਕੌਮ ਅਤੇ ਮੁਸਲਮਾਨ ਕੌਮ) ਵਿਖੇ ਕੁਟਲਤਾ, ਕੁਨੀਤੀ, ਅਨਿਆਉਂ ਬਿਪ੍ਰੀਤੀ ਰੂਪੀ ਕਪਟ ਕੁਚੀਲਤਾ ਪ੍ਰਵਿਰਤ ਹੋਈ ਜਾਂਚ ਕੇ ਧਰਮ ਨਿਆਉਂ ਵਿਥਾਰਨ ਲਈ ਧੁਰੋਂ ਆਏ ਧੁਰੋਂ ਪਠਾਏ ਸ੍ਰੀ ਦਸਮੇਸ਼ ਸਚੇ ਪਾਤਸ਼ਾਹ ਨੇ ਇਸੇ ਵਿਸਾਖੀ ਵਾਲੇ ਦਿਨ ਹੀ '**ਦੋਹੂੰ ਪੰਥ ਮਹਿ ਕਪਟ ਵਿਦਿਆ ਚਲਾਨੀ, ਬਹੁਰ ਤੀਸਰੋ ਪੰਥ ਕੀਨੋ ਪਰਧਾਨੀ**' ਵਾਲੇ ਮਹਾਂ ਵਾਕ ਅਨੁਸਾਰ ਦੋਹਾਂ ਅਨਿਆਈ ਕੌਮਾਂ ਨੂੰ ਸੋਧਣ ਪ੍ਰਬੋਧਣ ਲਈ ਹੀ, ਇਹਨਾਂ ਦੋਹਾਂ ਕੁਪੰਥਾਂ ਦੇ ਉਪਰ ਦੀ ਤੀਸਰਾ ਪਰਧਾਨ ਪੰਥ ਖਾਲਸਾ ਕੌਮ ਮਈ ਵਿਲੱਖਣ ਪੰਥ ਸਾਜਿਆ।

ਦੁਨੀਆ ਭਰ ਉਤੇ ਸੱਚੇ ਧਰਮ ਦਾ ਹਲੇਮੀ ਰਾਜ ਵਿਥਾਰਨ ਲਈ, ਦੁਸ਼ਟਾਂ ਦੋਖੀਆਂ ਦਾ ਦੁਨੀਆਂ ਤੋਂ ਮੂਲ ਉਖਾੜਨ ਲਈ, ਖਾਲਸਾ ਪੰਥ ਦੀ ਨੀਂਹ, ਹਾਂ ਜੀ, ਅਥਚਲੀ ਨੀਂਵ ਰਖੀ ਤਾਂ ਇਸੇ ਵਿਸਾਖੀ ਦੇ ਪਵਿਤ੍ਰ ਦਿਹਾੜੇ ਰਖੀ। ਇਹ ਵਿਸਾਖੀ ਦਾ ਦਿਹਾੜਾ ਇੱਕ ਇਤਿਹਾਸਕ ਇਨਕਲਾਬੀ ਦਿਹਾੜਾ ਹੈ। ਜਿਸ ਦਿਨ ਸ੍ਰੀ ਦਸਮੇਸ਼ ਜੀ ਨੇ ਗੁਰੂ ਖਾਲਸਾ ਸਭ ਤੋਂ ਸਿਰਮੌਰ ਪੰਥ ਸਾਜਿਆ, ਜਿਸ ਦਿਨ ਕਿ ਪੰਥ ਦੇ ਵਾਲੀ, ਹਾਂ! ਹਾਂ! ਦੋਹਾਂ ਜਹਾਨਾਂ ਦੇ ਵਾਲੀ, ਦੀਨੋ ਦੁਨੀਆ ਹਰ ਦੋ ਆਲਮ ਦੇ ਸਿਰਤਾਜ ਸੱਚੇ ਸ਼ਹਿਨਸ਼ਾਹ ਸ੍ਰੀ ਦਸਮੇਸ਼ ਜੀ ਨੇ ਖਾਲਸਾ ਜੀ ਨੂੰ ਸਿਵਾਏ ਅਕਾਲ ਪੁਰਖ ਦੇ ਕਿਸੇ ਭੀ ਅਲਪਗ ਹੁਕਮਰਾਨ ਦੀ ਕਾਨ ਕਨੌਂਡਤਾ ਨਾ ਰੱਖਣ ਦਾ ਸੱਚੀ ਨਿਰਭੈਤਾ ਵਾਲਾ ਅਨੂਪਮ ਸਬਕ ਸਿਖਾਇਆ। ਨਿਰਾ ਪੁਰਾ ਸਬਕ ਹੀ ਨਹੀਂ ਸਿਖਾਇਆ, ਬਲਕਿ ਖਾਲਸਾ ਜੀ ਦੀ ਸਰਿਸ਼ਤ, ਖਾਲਸਈ ਤੀਨਤ ਦੇ ਰੋਮ ਰੋਮ ਅੰਦਰ ਇਹ ਜਜ਼ਬਾ ਜਜ਼ਬਾਇਆ ਕਿ ਖਾਲਸਾ ਜੀ ਨੂੰ ਕੋਈ ਸਰ ਨਹੀਂ ਕਰ ਸਕੇਗਾ, ਖਾਲਸਾ ਜੀ ਦੀ ਹਰ ਮੈਦਾਨ ਫਤਿਹ ਰਹੇਗੀ।

**ਇਸੇ** ਵਿਸਾਖੀ ਦੇ ਸ਼ੁਭ ਦਿਹਾੜੇ ਤੋਂ ਖਾਲਸਾ ਜੀ ਅੰਦਰ ਇਹ ਅਰਦਾਸੇ ਆਰੰਭ ਹੋਏ ਅਤੇ ਫ਼ੈਜ਼ ਗੰਜੂਰ ਸ੍ਰੀ ਹਜ਼ੂਰ ਦਸਮੇਸ਼ ਪਿਤਾ ਦੀ ਬਖਸ਼ੀ ਬਰਕਤ ਦੁਆਰਾ ਆਰੰਭ ਹੋਏ—'ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ। ਦੇਗ ਤੇਗ ਫਤਿਹ 'ਖਾਲਸਾ ਜੀ ਦੇ ਬੋਲ ਬਾਲੇ।' ਇਹ ਗੁਰ-ਫ਼ੈਜ਼-ਬਰਕਤੀ ਅਰਦਾਸੇ ਖਾਲਸਾ ਪੰਥ ਅੰਦਰ ਓਦੋਂ ਤੋਂ ਜਿਉਂ ਆਰੰਭ ਹੋਏ, ਹੁਣ ਤਾਈਂ ਸੀਨਾ-ਬਸੀਨਾ ਏਹੀ ਅਰਦਾਸੇ ਪੰਥ ਅੰਦਰ ਪ੍ਰਚਲਤ ਹਨ ਤੇ ਪ੍ਰਚਲਤ ਰਹਿਣਗੇ। ਇਨ੍ਹਾਂ ਨੂੰ



www.AKJ.Org

ਮੇਟਣਹਾਰਾ ਕੋਈ ਨਹੀਂ। ਖ਼ਾਸ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸ੍ਰੀ ਅਕਾਲ ਤਖ਼ਤ ਤੇ ਗੁਰੂ ਪੰਥ ਦੇ ਸਾਰੇ ਤਖ਼ਤ ਸਾਹਿਬਾਨ ਤੇ ਏਹੀ ਅਰਦਾਸੇ ਪੰਥ ਕੀ ਜੀਤ ਦੇ ਹੁੰਦੇ ਰਹੇ ਹਨ। ਹੁਣ ਇਨ੍ਹਾਂ ਨੂੰ ਹਟਾਉਣ ਵਾਲਾ ਕੌਣ ਜੰਮਿਆ ਹੈ? ਜੋ ਹਟਾਉਂਦਾ ਹੈ ਸੋ ਗੀਦੀ ਹੈ, ਗੁਰੂ ਪੰਥ ਦਾ ਮੁਜਰਮ ਹੈ, ਚਾਹੇ ਕੋਈ ਫ਼ਰਦ ਬਸ਼ਰੀ ਸ਼ਖ਼ਸੀਅਤ ਹੋਵੇ, ਚਾਹੇ ਕੋਈ ਕਰਮਚਾਰੀ ਕਮੇਟੀ ਹੋਵੇ। ਵਕਤ ਦੀ ਸਰਕਾਰ ਏਸ ਅਰਦਾਸੇ ਤੋਂ ਸਾਨੂੰ ਮੁਨਹਰਫ਼ ਨਹੀਂ ਕਰ ਸਕਦੀ। ਗੋਰਾ-ਸ਼ਾਹੀ ਹਕੂਮਤ ਨੇ ਭੀ ਏਸ ਅਰਦਾਸੇ ਵਿਚ ਕੋਈ ਦਖ਼ਲ-ਅੰਦਾਜ਼ੀ ਨਹੀਂ ਕੀਤੀ। ਸਾਡੇ ਦੇਸ਼ ਦੀ ਹਕੂਮਤ ਕਿਉਂ ਮੁਦਾਖ਼ਲਤ ਕਰੇ? ਜੇ ਕਰਦੀ ਹੈ ਤਾਂ ਉਸ ਦੀ ਨਾਦਾਨੀ ਹੈ। ਜੋ ਇਸ ਨਾਦਾਨ ਇਕ-ਪੱਖੀ ਫ਼ਿਰਕੂ ਹਕੂਮਤ ਦੇ ਦੁਬੈਲ ਬਣ ਕੇ ਅਤੇ ਸਿਖ ਕਹਾਉਂਦੇ ਹੋਏ ਭੀ ਇਸ ਅਰਦਾਸੇ ਤੋਂ ਮੁਨਹਰਫ਼ ਹੁੰਦੇ ਹਨ, ਓਹ ਉਸ ਅਸਲ ਸਿੱਖੀ ਸਪਿਰਿਟ ਤੋਂ ਸੂਨ ਅਤੇ ਖਾਰਜ ਹਨ, ਜੋ ਸ੍ਰੀ ਗੁਰੂ ਦਸਮੇਸ਼ ਜੀ ਨੇ ਪੰਥ ਸਾਜਣ ਵੇਲੇ ੧੭੫੬ ਵਾਲੀ ਵਿਸਾਖੀ ਦੇ ਖੁਲ੍ਹੇ ਲਖ ਹਜ਼ਾਰੀ ਸਮਾਗਮ ਵਿਚ ਖਾਲਸਾ ਜੀ ਅੰਦਰ ਪ੍ਰਵੇਸ਼ ਕੀਤੀ। ਇਸ ਆਦਰਸ਼ਕ ਵਿਸਾਖੀ ਸਮਾਗਮ ਤੇ ਸ੍ਰੀ ਗੁਰੂ ਦਸਮੇਸ਼ ਪਿਤਾ ਦੇ ਵਾਲੀ ਨੇ ਇਹਨਾਂ ਹੇਠ ਲਿਖੀਆਂ ਗੱਲਾਂ ਦਾ ਧੁਰਵਾ ਬੰਨ੍ਹਿਆ—

(ੳ) ਕੂੜ ਕੱਪਟੀ ਅਨਿਆਈ ਤੇ ਧਰਮ ਦੀ ਸੱਚੀ ਸਪਿਰਿਟ ਤੋਂ ਸੂਨ ਕੌਮਾਂ ਨੂੰ ਸੋਧਣਾ ਪ੍ਰਬੋਧਣਾ ਖਾਲਸਾ ਜੀ ਦਾ ਪਰਮ ਧਰਮ ਅਤੇ ਅੱਵਲ-ਤਰੀਨ ਫ਼ਰਜ਼ ਹੈ।

(ਅ) ਧਰਮ ਧੁਰੰਦਰੀ ਖਾਲਸਾ ਪੰਥ ਨੂੰ ਇਹ ਸੁਤੰਤਰਤਾ ਪ੍ਰਾਪਤ ਹੈ ਕਿ ਹੜੀ ਹਕੂਮਤ ਦੀ ਕਾਣ ਕਨੌੜ ਚੁਕਾਇ ਕੇ ਸਾਰੇ ਦੇਸ ਦੀ ਬਹਿਬੂਦੀ (ਭਲਿਆਈ) ਲਈ, ਵਿਗੜੀਆਂ ਤਿਗੜੀਆਂ ਕੌਮਾਂ ਦੀ ਚੰਡ ਚੰਡਾਈ ਲਈ ਤੇ ਪੰਥ ਦੀ ਬਿਰਧੀ ਲਈ ਖੁਲ੍ਹੇ ਦੀਵਾਨਾਂ ਵਿਚ, ਖ਼ਾਸ ਕਰਕੇ ਤਖ਼ਤ ਸਾਹਿਬਾਨ ਦੀ ਹਜ਼ੂਰੀ ਵਿਚ ਗੁਰਮਤੇ ਪਾਸ ਕਰੇ ਅਤੇ ਪੰਥ ਦੀ ਜੀਤ ਅਤੇ ਚੜ੍ਹਦੀ ਕਲਾ ਦੇ ਅਰਦਾਸੇ ਸੋਧੇ।

(ੲ) ਅਪਣੇ ਦੇਸ਼ ਦੀ ਪੀੜਤ ਪਰਜਾ ਨੂੰ ਖਾਸ ਤੌਰ ਤੇ, ਅਤੇ ਹੋਰ ਹਰ ਮੁਲਕ ਦੀ ਮਜ਼ਲੂਮ ਰਿਆਇਆ ਨੂੰ ਆਮ ਤੌਰ ਤੇ ਜ਼ਾਲਮਾਂ ਦੇ ਜ਼ੁਲਮ ਤੋਂ ਬਚਾਉਣ ਲਈ ਅਤੇ ਜ਼ੁਲਮੀ ਰਾਜ ਦੀ ਰਾਜ-ਗਰਦੀ ਨੂੰ ਹਟਾਉਣ ਮਿਟਾਉਣ ਲਈ ਗੁਰੂ ਖਾਲਸਾ ਪੰਥ ਹਰ ਵਕਤ ਸਨੱਧ-ਬੱਧ ਹੋ ਕੇ ਤਿਆਰ-ਬਰ-ਤਿਆਰ ਅਤੇ ਤੱਤਪਰ ਰਹੇ! ਇਹੋ ਖਾਲਸਾ ਜੀ ਦਾ ਰਾਜਸੀ ਔਜ ਹੈ।

(ਸ) ਖਾਲਸਾ ਪੰਥ ਦਾ ਰਾਜਸੀ ਔਜ ਤੇ ਧਰਮ-ਕਲਾ ਦਾ ਤੇਜ ਪ੍ਰਤਾਪ ਸਦਾ ਨਿਰਾਰਾ (ਨਿਆਰਾ) ਅਤੇ ਕਰਾਰਾ ਰਹੇਗਾ।

ਆਦਰਸ਼ਕ ਵੈਸਾਖੀ ਤੇ ਬੱਝੇ ਉਪਰਲੇ ਧੁਰਵਿਆਂ ਅਨੁਸਾਰ ਮੁਢ ਤੋਂ ਹੀ ਖਾਲਸਈ ਧਰਮ ਕਲਾ ਸਪੰਨ ਰਾਜਸੀ ਔਜ ਦੇ ਫ਼ੈਸਲੇ, ਗੁਰਮਤੇ ਅਤੇ ਅਰਦਾਸੇ ਨਿਰਾਲੇ ਹੀ ਹੁੰਦੇ ਹਨ ਅਤੇ ਰਹਿੰਦੀ ਦੁਨੀਆ ਤਾਈਂ ਹੁੰਦੇ ਰਹਿਣਗੇ। ਜਦੋਂ ਕਦੋਂ ਭੀ ਖਾਲਸਾ ਜੀ ਉਤੇ ਭੀੜਾ ਪਈ, ਸਾਰਾ ਪੰਥ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਨਮੁਖੀ ਹਜ਼ੂਰੀ ਵਿਚ ਇਕੱਤਰ ਹੋ ਕੇ ਗੁਰਮਤੇ ਸੋਧਦਾ ਰਿਹਾ ਅਤੇ ਫ਼ੈਸਲੇ ਕਰਦਾ ਰਿਹਾ। ਏਸ ਗੱਲ ਦੀ ਪ੍ਰੋੜ੍ਹਤਾ ਲਈ ਇਤਿਹਾਸਕ ਸਬੂਤ ਅਕੱਟ ਅਤੇ ਸਪੱਸ਼ਟ ਹਨ, ਜਿਸ ਤੋਂ ਹਰ ਕੌਮ ਅਤੇ ਮਿਲਤ ਦੇ ਫ਼ਰਦ ਬਸ਼ਰ ਭਲੀ ਬਿਧ ਜਾਣੂ ਹਨ। ਦੂਰ ਨਾ ਜਾਓ, ਅਕਾਲੀ ਲਹਿਰ ਦੇ ਪਿਛਲੇ ਸਜਰੇ ਵਾਕਿਆਤ ਸਾਫ਼ ਦਸਦੇ ਹਨ ਕਿ ਸ੍ਰੀ ਅਕਾਲ ਤਖ਼ਤ ਤੋਂ ਹੀ ਗੁਰਮਤੇ ਕਰ ਕੇ ਅਤੇ ਸ੍ਰੀ ਅਕਾਲ ਤਖ਼ਤ ਤੋਂ ਹੀ ਅਰਦਾਸੇ ਸੋਧ ਕੇ ਗੁਰੂ ਦੀਆਂ, ਗੁਰੂ ਪੰਥ ਦੀਆਂ ਅਕਾਲੀ ਫ਼ੌਜਾਂ ਦੇ ਦਲਾਂ ਦੇ ਦਲ, ਜਥਿਆਂ ਦੇ ਜਥੇ ਗੁਰੂ ਕੇ ਬਾਗ ਦੇ ਮੋਰਚੇ 'ਤੇ ਜਾਂਦੇ ਰਹੇ। ਅਤੇ ਸ੍ਰੀ ਅਕਾਲ ਤਖ਼ਤ ਤੋਂ ਗੁਰੂ ਪੰਥਕ ਹੁਕਮਨਾਮੇ ਲੈ ਕੇ ਚੜ੍ਹਦੀ ਕਲਾ ਦੇ ਅਰਦਾਸੇ ਸੋਧ ਕੇ ਸ੍ਰੀ ਗੰਗਸਰ ਜੈਤੋ ਦੇ ਮੋਰਚੇ ਉਤੇ ਅਣ-ਗਿਣਤ ਖਾਲਸਈ ਅਕਾਲੀ ਜਥੇ ਪਧਾਰਦੇ ਰਹੇ। ਇਹਨਾਂ ਉਪਰਲਿਆਂ ਦੋਹਾਂ ਮੋਰਚਿਆਂ ਦੇ ਸ਼ਾਹਦੇ-ਹਾਲ ਸਾਰੇ ਕਾਂਗ੍ਰਸੀ ਨੇਤਾ ਭੀ ਹਨ। ਬਲਕਿ ਮਹਾਤਮਾ ਗਾਂਧੀ ਤੇ ਪੰਡਤ ਮਦਨ ਮੋਹਨ ਮਾਲਵੀ ਸਾਰਖੇ ਸਭ ਤੋਂ ਸਿਰਕੱਢ ਕਾਂਗ੍ਰਸੀ ਆਗੂ ਇਹਨਾਂ ਅਕਾਲੀ ਮੋਰਚਿਆਂ ਅਤੇ ਇਹਨਾਂ ਮੋਰਚਿਆਂ


www.AKJ.Org

ਸੰਬੰਧੀ ਅਕਾਲੀਆਂ ਦੀਆਂ ਕੁਰਬਾਨੀਆਂ ਦੀ ਭੀ ਤਹਿਸੀਨੋ-ਆਫ਼ਰੀਨ ਕਰਦੇ ਰਹੇ ਹਨ। ਅਜ ਜਦੋਂ ਕਾਂਗ੍ਰਸ ਦੀ ਆਪਣੀ ਹਕੂਮਤ ਦਾ ਅਹਿਦ ਆਇਆ ਤਾਂ ਓਹੀ ਗੱਲਾਂ ਖਾਲਸਾ ਜੀ ਦੇ ਮਨਸੂਬਿਆਂ ਅਤੇ ਧਰਮੱਗ ਰਾਜਸੀ ਗੁਰਮਤਿਆਂ ਦੀਆਂ, ਜੋ ਓਦੋਂ ਗ਼ੈਰਾਂ ਦੀ ਹਕੂਮਤ ਸਮੇਂ ਖਾਲਸਾ ਜੀ ਲਈ ਹਲਾਲ ਸਨ, ਅਜ ਏਸ ਕਰਕੇ ਹਰਾਮ ਗਰਦਾਨੀਆਂ ਗਈਆਂ ਕਿ ਇਨ੍ਹਾਂ ਕਾਂਗ੍ਰਸੀਆਂ ਦੀ ਆਪਣੀ ਹਕੂਮਤ ਹੈ। ਇਸ ਨਾਦਾਨ ਕਾਂਗ੍ਰਸੀ ਹਕੂਮਤ ਦੀ ਇਹ ਖ਼ਾਮ-ਖ਼ਿਆਲੀ ਹੈ ਕਿ ਇਸ ਹਕੂਮਤ ਦੀ ਜਾਇਜ਼ ਨਾਜਾਇਜ਼ ਹਰਕਤਾਂ ਦਾ ਹਲਾਹਲ (ਜ਼ਹਿਰ) ਸਾਰੇ ਹਿੰਦ-ਵਾਸੀਆਂ ਨੂੰ ਸ਼ਹਿਦ ਸਮਝ ਕੇ ਪਾਣੀ ਵਾਂਙੂ ਪੀ ਜਾਣਾ ਚਾਹੀਦਾ ਹੈ, ਕਿਸੇ ਨੂੰ ਉਫ਼ ਤਕ ਕਰਨ ਦਾ ਗੁੰਜ਼ਾਇਸ਼ੀ ਉਜ਼ਰ ਨਹੀਂ ਰਹਿਣਾ ਚਾਹੀਦਾ। ਇਹ ਕਦੇ ਨਹੀਂ ਹੋ ਸਕਦਾ ਤੇ ਤੀਨ ਕਾਲ ਨਹੀਂ ਹੋ ਸਕਦਾ ਕਿ ਖ਼ਾਲਸਾ ਜੀ ਦੇ ਧਾਰਮਕ ਅਤੇ ਪੰਥਕ ਫ਼ੈਸਲਿਆਂ ਦੀ ਵਾਗ ਡੋਰ ਇਹ ਨਵੀਂ ਬਣੀ ਕਾਂਗ੍ਰਸੀ ਹਕੂਮਤ ਆਪਣੇ ਹੱਥਾਂ ਵਿਚ ਰੱਖਣ ਦੀ ਹਮਾਕਤ ਕਰੇ ਅਤੇ ਸਾਡੇ ਧਾਰਮਕ ਅਸਥਾਨਾਂ ਤੇ ਨਾਜਾਇਜ਼ ਕਬਜ਼ੇ ਜਮਾ ਕੇ ਇਨ੍ਹਾਂ ਅਸਥਾਨਾਂ ਦੀ ਪਵਿਤ੍ਰਤਾਈ ਨੂੰ ਅਪਵਿਤ੍ਰ ਕਰਨ ਦਾ ਹੀਆ ਅਤੇ ਕੁਹਜਾ ਵਤੀਰਾ ਅਖ਼ਤਿਆਰ ਕਰੇ।

ਅਜ ਤਾਈਂ ਗੋਰਾਸ਼ਾਹੀ ਹਕੂਮਤ ਦੇ ਸਮੇਂ ਵਿਚ ਕਦੇ ਭੀ ਸਾਡੇ ਧਾਰਮਕ ਅਸਥਾਨਾਂ ਦੀ ਬੇਹੁਰਮਤੀ ਅਤੇ ਬੇਅਦਬੀ ਨਹੀਂ ਹੋਈ, ਜੋ ਇਸ ਕਾਂਗ੍ਰਸੀ ਹਕੂਮਤ ਦੇ ਗ਼ਲਤ ਬਿਸਮਿਲੱਈ ਜ਼ਮਾਨੇ ਵਿਚ ਹੋਈ ਹੈ। ਅਸਾਡੇ ਪਰਮ ਪੁਨੀਤ ਸਾਰੇ ਪੰਥ ਦੇ ਪੂਜਯ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਇਸ ਬੇਅਦਬੀ ਦੀ ਪਹਿਲ ਇਸ ਅਨਾੜੀ ਹਕੂਮਤ ਦੀ ਸ਼ਹਿ ਨਾਲ ਹੀ ਹੋਈ ਹੈ। ਕਰੀ ਚਾਹੇ ਅਸਾਡੇ ਹੀ ਧੜੇਬਾਜ਼ੀ ਦੇ ਭੁਤਲਾਏ ਹੋਏ ਨਾਮ-ਧਰੀਕ ਕੋਰਮਚਾਰੀਆਂ ਨੇ ਹੀ, ਪਰ ਕਰਵਾਈ ਇਹ ਹੋਛੀ ਹਕੂਮਤ ਨੇ ਹੀ। ਪਿਠੂ ਹਕੂਮਤ ਦੇ ਹੌਸਲੇ ਤੇ ਹੀ ਇਨ੍ਹਾਂ ਹੁਲੜਬਾਜ਼ਾਂ ਨੂੰ ਬੇਅਦਬੀ ਕਰਨ ਦਾ ਹੀਆ ਪਿਆ। ਯਾਦ ਰਹੇ ਕਿ ਸ੍ਰੀ ਅਕਾਲ ਤਖ਼ਤ ਸਨਮੁਖੀ ਚਲੀਆਂ ਅਤੇ ਚਲਵਾਈਆਂ ਗੋਲੀਆਂ ਦੇ ਨਿਸ਼ਾਨ ਚਲਾਉਣ ਤੇ ਚਲਵਾਉਣ ਵਾਲਿਆਂ ਦੇ ਮੁਜਰਮ ਸੀਨਿਆਂ ਉਤੇ ਕਦੇ ਨ ਮਿਟਣ ਵਾਲੇ ਲਾਹਨਤੀ ਦਾਗ ਰਹਿਣਗੇ ਅਤੇ ਛੇਤੀ ਹੀ ਇਹ ਬੇਅਦਬੀ ਕਰਨ ਕਰਾਉਣਹਾਰਿਆਂ ਨੂੰ ਲੈ ਡੋਬਣਗੇ। ਟੀਅਰ-ਗੈਸੀ ਬੰਬ ਦੇ ਗੋਲੇ ਅਸਾਡੇ ਪਵਿਤ੍ਰ ਦਰਬਾਰ ਸਾਹਿਬ ਦੀ ਪਾਵਨ ਪ੍ਰਕਰਮਾ ਵਿਚ ਫਟਣ ਅਤੇ ਅਸਾਡੇ ਪਰਮ ਪੁਨੀਤ ਅੰਮ੍ਰਿਤ ਸਰੋਵਰ ਦੀ ਸਤਹ ਉਪਰ ਤੈਰਦੇ ਫਿਰਨ, ਕੀ ਇਹ ਇਸ ਹੋਛੀ ਹਕੂਮਤ ਅਤੇ ਹਕੂਮਤ ਦੇ ਪਿਠੂਆਂ ਦੇ ਖ਼ਤਮ ਹੋਣ ਦੇ ਲਛਣ ਨਹੀਂ? ਸਚਮੁਚ ਇਹਨਾਂ ਦੇ ਖ਼ਤਮ ਹੋਣ ਦੇ ਦਿਨ ਨੇੜੇ ਹੀ ਆਏ ਜਾਪਦੇ ਹਨ। ਪਹਿਲਾਂ ਇਸ ਬਿਪਰ ਹਕੂਮਤ ਨੇ ਅਸਾਡੇ ਮਗ਼ਰਬੀ ਪੰਜਾਬ ਦੇ ਪਵਿਤਰ ਮੁਖੀ ਗੁਰਧਾਮ ਪਾਕਿਸਤਾਨੀ ਹਕੂਮਤ ਦੀ ਵੰਡ ਵਿਚ ਲਿਆ ਕੇ ਪਾਕਿਸਤਾਨੀਆਂ ਤੋਂ ਉਨ੍ਹਾਂ ਪਵਿਤ੍ਰ ਗੁਰਧਾਮਾਂ ਦੀ ਬੇਹੁਰਮਤੀ ਕਰਵਾਈ, ਹੁਣ ਰਹਿੰਦੀ ਖੂਹਿੰਦੀ ਮਹਾਂ ਬੇਅਦਬੀ ਏਸੇ ਹਕੂਮਤ ਨੇ ਆਪਣੇ ਹੱਥ-ਠੋਕਿਆਂ ਪਾਸੋਂ ਅਸਾਡੀ ਧਾਰਮਕ ਆਨ ਸ਼ਾਨ ਦੇ ਮੁਢ ਮੂਲ ਸ੍ਰੀ ਅੰਮ੍ਰਿਤ ਸਰੋਵਰ ਅਤੇ ਸ੍ਰੀ ਦਰਬਾਰ ਸਾਹਿਬ ਦੀ ਕਰਵਾਈ। ਪਾਪ ਦਾ ਬੇੜਾ ਭਰ ਕੇ ਡੁਬਣਾ ਹੈ। ਏਸੇ ਕਰਕੇ ਹੁਣ ਤਾਈਂ ਮਗ਼ਰਬੀ ਪੰਜਾਬ ਦੇ ਗੁਰਧਾਮਾਂ ਦੀ ਬੇ-ਅਦਬੀ ਤਲਾਫ਼ੀ ਹੋਣ ਵਿਚ ਅਟਕਾਰ ਪਈ।

ਇਹ ਹਕੂਮਤ ਮਤ ਖਿਆਲ ਕਰੇ ਕਿ ਇਸ ਨੇ ਆਪਣੀ ਕੁਟਲ ਨੀਤੀ ਦੁਆਰਾ ਅਕਾਲੀਆਂ ਦੇ ਦੋ ਧੜੇ ਬਣਾ ਕੇ ਅਤੇ ਇਕ ਧੜੇ ਨੂੰ ਆਪਣੇ ਪੱਖ ਵਿਚ ਲੈ ਕੇ ਗੁਰੂ ਪੰਥ ਨੂੰ ਆਪਣੇ ਅਧੀਨ ਅਤੇ ਸਰ ਕਰ ਲਿਆ ਹੈ। ਗੁਰੂ ਪੰਥ ਖਾਲਸਾ ਦੋਹਾਂ ਧੜਿਆਂ ਤੋਂ ਬਾਲਾ ਅਤੇ ਵਿਲੱਖਣ ਹੈ। ਗੁਰੂ ਨੇਤ ਅਨੁਸਾਰ ਮਲੇਛੀ ਧੜੇ ਖੈ ਹੋ ਜਾਣਗੇ ਅਤੇ ਮਲੇਛਾਂ ਦੀ ਮਲੇਛ ਕੁਫ਼ਰਤਾ ਅਰ ਕਾਫ਼ਰ ਹਕੂਮਤ ਨੇ ਭੀ ਖ਼ਤਮ ਹੋ ਜਾਣਾ ਹੈ। ਅਤੇ ਗੁਰੂ ਖਾਲਸਾ ਪੰਥ ਨੇ ਸਦਾ ਅਟੱਲ ਤੇ ਅਬਿਚਲ ਰਹਿਣਾ ਹੈ। ਓੜਕ ਪੰਥ ਦੀ ਜੀਤ ਹੋਣੀ ਹੈ ਅਤੇ 'ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ। ਖੁਆਰ ਹੋਇ ਸਭ ਮਿਲੇਂਗੇ (ਲੰਡੀ ਬੁਚੀ) ਬਚੇ ਸ਼ਰਨ ਜੋ ਹੋਇ' ਵਾਲੇ ਗੁਰੂ ਖਾਲਸਈ ਜੈਕਾਰਤ-ਉਚ-ਤਰੰਗਾਂ ਨੇ ਆਪਣਾ ਰੰਗ ਛੇਤੀ ਹੀ ਲਿਆਉਣਾ ਹੈ ਅਤੇ ੧੭੫੬ ਦੀ ਆਦਰਸ਼ਕ ਵਿਸਾਖੀ ਤੇ ਆਰੰਭ ਹੋਏ-ਵੇ ਪੰਥ ਦੀ ਜੀਤ ਦੇ ਅਰਦਾਸਿਆਂ ਨੇ ਆਪਣੀ ਕਲਾ ਜ਼ਰੂਰ ਵਰਤਾਉਣੀ ਹੈ ਅਤੇ ਜ਼ਾਹਿਰ ਕਰ ਕੇ ਦਿਖਾਉਣੀ ਹੈ।

['ਖਾਲਸਾ ਜੀ ਦਾ ਗੁਰਮਤਿ ਆਦਰਸ਼' ਟ੍ਰੈਕਟ ਵਿਚੋਂ

www.AKJ.Org

# ਭੂਰਿਆ ਵਾਲੇ ਰਾਜੇ ਕੀਤੇ (੧੮)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਨ ਸਵਰਨ ਸਿੰਘ ਜੀ]

ਦੁਸ਼ਮਣ ਬੜੀ ਤੇਜ਼ੀ ਨਾਲ ਪਿਛੇ ਤੂਫਾਨ ਵਾਂਗ ਚੜ੍ਹਿਆ ਆ ਰਿਹਾ ਸੀ। ਪਹਾੜ ਇਥੋਂ ਚੋਖੇ ਦੂਰ ਸਨ, ਜਿਨ੍ਹਾਂ ਵਿਚ ਅਲੋਪ ਹੋ ਕੇ ਸਿੰਘ ਇਸ ਟਿੱਡੀ ਦਲ ਨੂੰ ਆਪਣੇ ਮਗਰੋਂ ਲਾਹ ਸਕਦੇ। ਇਸ ਗੜ੍ਹੀ ਵਿਚ ਆਸਰਾ ਲੈਣਾ ਬੰਦਾ ਸਿੰਘ ਦੀ ਮਜਬੂਰੀ ਸੀ। ਸਮੇਂ ਦੀ ਘਾਟ ਵੈਰੀ ਦਾ ਪੱਖ ਭਾਰਾ ਕਰ ਰਹੀ ਸੀ। ਫਿਰ ਵੀ ਬੰਦਾ ਸਿੰਘ ਕਾਹਲੀ ਨਾਲ ਜਿੰਨੀ ਕੁ ਟਾਕਰੇ ਲਈ ਪਕਿਆਈ ਕਰ ਸਕਿਆ, ਉਸਨੇ ਕੀਤੀ। ਰਸਦ ਪਾਣੀ, ਦਾਣਾ ਪੱਠਾ ਤੇ ਲੜਾਈ ਲਈ ਬਾਰੂਦ ਆਦਿ ਜੋ ਸਾਮਾਨ ਛੇਤੀ ਛੇਤੀ ਜਮ੍ਹਾ ਹੋ ਸਕਿਆ, ਉਹ ਕਰ ਲਿਆ। ਚੜ੍ਹੇ ਆ ਰਹੇ ਦੁਸ਼ਮਣ ਨੂੰ ਵਲਗਣ ਤੋਂ ਦੂਰ ਰਖਣ ਲਈ ਦਿਨ ਰਾਤ ਇਕ ਕਰਕੇ, ਪਹਿਰਾਂ ਵਿਚ ਦੁਆਲੇ ਇਕ ਖਾਈ ਪੁੱਟ, ਉਸਨੂੰ ਲਾਗਦੀ ਵਗਦੀ ਨਹਿਰ ਦੇ ਪਾਣੀ ਨਾਲ ਭਰ ਲਿਆ। ਇਸ ਦੇ ਨਾਲ ਹੀ ਸ਼ਾਹ ਨਹਿਰ ਵੱਢ ਦਿਤੀ ਅਤੇ ਪਹਾੜ ਵਲੋਂ ਆਉਂਦਿਆਂ ਛੋਟੇ ਛੋਟੇ ਨਾਲਿਆਂ ਅਤੇ ਚੋਆਂ ਦੇ ਪਾਣੀ ਦਾ ਰੁਖ਼ ਗੜ੍ਹੀ ਦੇ ਆਲੇ ਦੁਆਲੇ ਇਸ ਤਰ੍ਹਾਂ ਕਰ ਦਿਤਾ ਕਿ ਚਾਰ ਚੁਫੇਰੇ ਦਲਦਲ ਹੋ ਗਈ, ਜਿਸ ਵਿਚ ਵੈਰੀ ਲਈ ਘੋੜ-ਸਵਾਰ ਹੋ ਕੇ ਤਾਂ ਇਕ ਪਾਸੇ ਰਿਹਾ, ਪੈਦਲ ਲੰਘਣਾ ਵੀ ਔਖਾ ਹੋ ਗਿਆ। ਰਵਾਂ ਰਵੀਂ ਗੜ੍ਹੀ ਤਕ ਪੁਜ ਜਾਣਾ ਫੌਜ ਲਈ ਅਸਲੋਂ ਔਖਾ ਹੋ ਗਿਆ ਸੀ। ਨਜ਼ਦੀਕ ਪੁਜ ਕੇ ਵੀ ਦੁਸ਼ਮਣ ਸਿੰਘਾਂ ਤੋਂ ਕਾਫ਼ੀ ਦੂਰੀ ਤੇ ਸੀ।[1]

੧੩ ਰੱਬੀ-ਉ-ਸਾਨੀ ੧੧੨੭ ਹਿਜਰੀ ਮੁਤਾਬਕ ੭ ਅਪ੍ਰੈਲ ਸੰਨ ੧੭੧੫ ਨੂੰ ਦਿਲੀ ਵਿਖੇ ਬਾਦਸ਼ਾਹ ਫਰੁੱਖ-ਸੀਅਰ ਦੇ ਹਜ਼ੂਰ ਖ਼ਬਰ ਪੁਜੀ ਕਿ ਅਬਦੁੱਸਮਦ ਖਾਨ ਸਿੰਘਾਂ ਦੇ ਪਿਛੇ ਉਨ੍ਹਾਂ ਦੀ ਗੁਰਦਾਸ ਨੰਗਲ ਵਾਲੀ ਥਾਂ, ਜਿਥੇ ਉਹ ਲੜਨ ਲਈ ਕਿਲ੍ਹਾ-ਬੰਦ ਹੋਏ ਬੈਠੇ ਹਨ, ਪੁੱਜ ਗਿਆ ਹੈ ਅਤੇ ਸ਼ਾਹੀ ਅਮੀਰ ਮੋਰਚੇ ਪੁੱਟਵਾ, ਘੇਰੇ ਲਈ ਪੁਸ਼ਤੇ ਆਦਿ ਬੰਨ੍ਹ ਰਹੇ ਹਨ। ਇਹ ਸੁਣ ਕੇ ਬਾਦਸ਼ਾਹ ਨੇ ਇਹਤਮਾਦੁ-ਦੌਲਾ ਮੁਹੰਮਦ ਅਮੀਨ ਖਾਨ ਨੂੰ ਹੁਕਮ ਦਿੱਤਾ ਕਿ ਅਬਦੁੱਸਮਦ ਖਾਨ ਨੂੰ ਲਿਖੇ ਕਿ ਬਾਗ਼ੀ ਸਿਖ ਆਗੂ (ਬੰਦਾ ਸਿੰਘ) ਅਤੇ ਉਸਦੇ ਸਿਖ ਸਾਥੀਆਂ ਦੀ ਗਰਦਨ ਮਾਰ ਦੇਵੇ ਜਾਂ ਬੰਦੀ ਬਣਾ ਲਵੇ।[2]

ਬੰਦਾ ਸਿੰਘ ਨੇ ਬਹੁਤ ਸਾਰੇ ਸਿੰਘਾਂ ਨੂੰ ਗੜ੍ਹੀ ਵਿਚੋਂ ਬਾਹਰ ਪਿੰਡਾਂ ਵਿਚ ਭੇਜਿਆ ਸੀ ਤਾਕਿ ਸ਼ਾਹੀ ਸੈਨਾ ਦੇ ਆਉਣ ਤੋਂ ਪਹਿਲਾਂ ਪਹਿਲਾਂ ਬਹੁਤ ਸਾਰਾ ਦਾਣਾ ਫੱਕਾ ਤੇ ਘਾਹ-ਪੱਠਾ ਇਕੱਤਰ ਕਰ ਲਿਆ ਜਾਵੇ, ਜਿਸ ਕਰਕੇ ਦੇਰ ਤੱਕ ਦੁਸ਼ਮਣ ਨਾਲ ਡਟ ਕੇ ਮੁਕਾਬਲਾ ਕੀਤਾ ਜਾਵੇ। ਜਦ ਅਬਦੁੱਸਮਦ ਖਾਨ ਤੇ ਉਸ ਦਾ ਲਸ਼ਕਰ ਗੁਰਦਾਸ ਨੰਗਲ ਪੁਜਾ ਤਾਂ ਬਹੁਤ ਸਾਰੇ ਸਿੰਘ ਦਾਣਾ ਪਠਾ ਇਕੱਠਾ ਕਰਨ ਲਈ ਪਿੰਡਾਂ ਵਿਚ ਫਿਰ ਰਹੇ ਸਨ। ਸੂਹੀਆਂ ਇਹ ਖ਼ਬਰ ਫੌਜਦਾਰਾਂ ਨੂੰ ਪੁਜਦੀ ਕਰ ਦਿਤੀ ਸੀ। ਬਹੁਤ ਸਾਰੀ ਫੌਜ ਗਸ਼ਤੀ ਦਸਤਿਆਂ ਦੀ ਸ਼ਕਲ ਵਿਚ ਪਿੰਡਾਂ ਵਿਚ ਭੇਜੀ ਗਈ ਤੇ ਇਸ ਤਰ੍ਹਾਂ ਚੋਖੇ ਸਿੰਘ ਇਨ੍ਹਾਂ ਗਸ਼ਤੀ ਦਸਤਿਆਂ ਦੇ ਹੱਥ ਆ ਗਏ। ਬਹੁਤੇ ਤਾਂ ਲੜਦੇ ਹੋਏ ਮਾਰੇ ਗਏ, ਜੋ ਫੜੇ ਗਏ, ਕੈਦ ਕਰਕੇ ਦਲੇਰਿ-ਜੰਗ ਪਾਸ ਲਿਆਂਦੇ ਗਏ। ਇਸ ਨੇ ਬੁਰੀ ਤਰ੍ਹਾਂ ਤਸੀਹੇ ਦੇ ਕੇ ਇਨ੍ਹਾਂ ਨੂੰ ਕਤਲ ਕਰਵਾ ਦਿਤਾ।

ਬਾਦਸ਼ਾਹੀ ਸੈਨਾ ਨੇ ਗੁਰਦਾਸ ਨੰਗਲ ਪੁਜਦੇ ਸਾਰ ਘੇਰਾ ਪਾ ਲਿਆ ਅਤੇ ਸਾਰੇ ਨਾਕੇ ਪੂਰੀ ਕਰੜਾਈ ਨਾਲ ਬੰਦ ਕਰ ਦਿਤੇ। ੧੪ ਅਪ੍ਰੈਲ (੨੦ ਰੱਬੀ-ਉਲ-ਆਖਰ ੧੧੨੭ ਹਿਜਰੀ) ਨੂੰ ਦਿਲੀ ਬਾਦਸ਼ਾਹ ਪਾਸ ਪੁਜੀ ਖ਼ਬਰ ਅਨੁਸਾਰ ਅਬਦੁੱਸਮਦ ਖਾਨ ਪਾਸ ਰੈਗੂਲਰ ਸ਼ਾਹੀ ਫੌਜ ਦੀ ਗਿਣਤੀ ੨੪ ਹਜ਼ਾਰ ਸੀ, ਜਿਸ ਵਿਚ ੧੨ ਹਜ਼ਾਰ ਸਵਾਰ ਤੇ ੧੨ ਹਜ਼ਾਰ ਪੈਦਲ ਸਨ ਅਤੇ ਨਾਲ ਬਹੁਤ ਵੱਡਾ ਤੋਪਖ਼ਾਨਾ ਵੀ ਸੀ। ਮੁਲਖਈਆ ਤੇ ਹੋਰ ਧਾੜਾਂ ਇਸ ਤੋਂ ਵਖਰੀਆਂ ਸਨ। ਦਲੇਰਿ-ਜੰਗ ਨੇ ਇਸ ਹਾਜ਼ਰ ਫੌਜ ਨਾਲ ਸਿੰਘਾਂ ਦੇ ਦੁਆਲੇ ਘੇਰਾ



www.AKJ.Org

ਇਤਨਾ ਮਜ਼ਬੂਤ ਤੇ ਪਹਿਰਾ ਇਤਨਾ ਸਖ਼ਤ ਕਰ ਦਿਤਾ ਕਿ ਘਾਹ ਦੀ ਇਕ ਤਿੜ ਅਤੇ ਅੰਨ ਦਾ ਇਕ ਦਾਣਾ ਵੀ ਕਿਸੇ ਪਾਸਿਓਂ ਅੰਦਰ ਨਹੀਂ ਸੀ ਜਾ ਸਕਦਾ। ਅਬਦੁੱਸਮਦ ਖਾਨ ਅਤੇ ਉਸ ਦਾ ਪੁੱਤਰ ਜ਼ਕਰੀਆ ਖਾਨ (ਪੰਜਾਬ ਦੀ ਗਵਰਨਰੀ ਸਮੇਂ ਖਾਨ ਬਹਾਦਰ ਦੀ ਉਪਾਧੀ ਨਾਲ ਪ੍ਰਸਿਧ ਸੀ) ਨੇ ਕਈ ਹਜ਼ਾਰ ਆਪਣੀ ਅਤੇ ਆਪਣੇ ਹਮਾਇਤੀਆਂ ਦੀਆਂ ਚੋਣਵੀਆਂ ਫੌਜਾਂ ਨਾਲ ਮਿਥ ਮਿਥ ਕੇ ਹਲੇ ਕਰ ਕੇ ਸਿੰਘਾਂ ਦੀ ਗੜ੍ਹੀ ਨੂੰ ਸਰ ਕਰ ਲੈਣ ਦੇ ਯਤਨ ਕੀਤੇ, ਪਰ ਅਗੋਂ ਹਰ-ਵਾਰ ਮੂੰਹ ਦੀ ਖਾ ਕੇ ਪਿਛੇ ਹਟਦੇ ਰਹੇ। ਮੁਗ਼ਲ ਫੌਜਾਂ ਦੇ ਮੁਕਾਬਲੇ ਤੇ ਅੰਦਰ ਮੁੱਠੀ ਭਰ ਸਿੰਘ ਸਨ। ਪ੍ਰਸਿਧ ਇਤਿਹਾਸਕਾਰ ਡਾ: ਹਰੀ ਰਾਮ ਗੁਪਤਾ ਆਪਣੀ ਪੁਸਤਕ "ਹਿਸਟਰੀ ਆਫ਼ ਦੀ ਸਿਖਸ" ਦੂਜਾ ਭਾਗ ਦੇ ਸਫ਼ਾ ੨੮ ਤੇ ਲਿਖਦੇ ਹਨ ਕਿ ਬੰਦਾ ਸਿੰਘ ਦੇ ਨਾਲ ਸਿੰਘਾਂ ਚੋਂ ਅੰਦਰ ੧੨੫੦ ਸਿੰਘ ਤੇ ਥੋੜੇ ਜਿਹੇ ਘੋੜੇ ਗੜ੍ਹੀ ਵਿਚ ਸਮਾ ਸਕੇ ਸਨ। ਬਾਕੀਆਂ ਨੂੰ ਕਹਿ ਦਿਤਾ ਗਿਆ ਸੀ ਕਿ ਚਾਰੇ ਚੁਫੇਰੇ ਖਿਲਰ ਕੇ ਸੁਰਖਿਅਤ ਥਾਂਈਂ ਚਲੇ ਜਾਣ ਤੇ ਔਖ ਦਾ ਸਮਾਂ ਟਪਾ ਲੈਣ। ਕਾਹਲੀ ਦੇ ਕਾਰਨ ਗੜ੍ਹੀ ਦੇ ਅੰਦਰ ਘਾਹ ਪੱਠਾ ਵੀ ਘਟ ਹੀ ਜਮ੍ਹਾ ਹੋ ਸਕਿਆ ਸੀ, ਇਸ ਲਈ ਹਰ ਰੋਜ਼ ਦੋ ਦੋ ਤਿੰਨ ਤਿੰਨ ਵਾਰ ਚਾਲੀ ਚਾਲੀ ਪੰਜਾਹ ਪੰਜਾਹ ਸਿੰਘ ਬਾਹਰ ਨਿਕਲਦੇ ਅਤੇ ਦਾਣਾ ਪੱਠਾ ਇਕੱਠਾ ਕਰਦੇ ਮੁੜ ਗੜ੍ਹੀ ਅੰਦਰ ਆ ਵੜਦੇ। ਉਹ ਆਪਣੇ ਆਪ ਨੂੰ ਜੋਖਮ ਵਿਚ ਪਾ ਕੇ ਆਪਣੇ ਘੋੜਿਆਂ ਲਈ ਰਸਦ ਪੱਠੇ ਦੇ ਜ਼ਖੀਰੇ ਇੰਜ ਵਧਾ ਰਹੇ ਸਨ ਕਿ ਲੜਾਈ ਨੂੰ ਲੰਮਾ ਕਰ ਕੇ ਬਾਹਰ ਘੇਰਾ ਘਤੀ ਬੈਠੀ ਸ਼ਾਹੀ ਸੈਨਾ ਨੂੰ ਅੰਦਰੋਂ ਸ਼ਬਖ਼ੂਨ (ਛਾਪੇ) ਮਾਰ ਮਾਰ ਕੇ ਜ਼ਿਚ ਕਰ ਕੇ ਦਮੋਂ ਕਢ ਦਿਤਾ ਜਾਵੇ, ਤਾਂ ਜੁ ਆਪੇ ਹੀ ਝੱਖ ਮਾਰ ਕੇ ਉਠ ਜਾਣ।

ਇਬਰਤਨਾਮੇ ਦਾ ਲਿਖਾਰੀ ਮੁਹੰਮਦ ਕਾਸਿਮ ਇਸ ਵੇਲੇ ਲਾਹੌਰ ਦੇ ਨਾਇਬ ਨਾਜ਼ਿਮ ਆਰਿਫ ਬੇਗ ਖਾਨ ਦੀ ਨੌਕਰੀ ਵਿਚ ਇਸ ਮੁਹਿੰਮ ਵਿਚ ਖ਼ੁਦ ਉਥੇ ਮੌਜੂਦ ਸੀ। ਜੋ ਸਿੰਘ ਰੋਜ਼ ਦਾਣਾ ਪੱਠਾ ਇਕੱਠਾ ਕਰ ਕੇ ਅੰਦਰ ਲਿਆਉਣ ਲਈ ਗੜ੍ਹੀ ਤੋਂ ਬਾਹਰ ਨਿਕਲਦੇ ਸਨ ਤੇ ਆਪਣੇ ਬਾਹੂ ਬਲ ਨਾਲ ਜੋ ਹੱਥ ਆਵੇ, ਖੋਹ ਖਿੰਜ ਕੇ ਅੰਦਰ ਲੈ ਵੜਦੇ ਸਨ ਤੇ ਸ਼ਾਹੀ ਸੈਨਾ ਦੇ ਦਸਤੇ, ਜੋ ਉਨ੍ਹਾਂ ਨੂੰ ਰੋਕਣ ਜਾਂ ਫੜਨ ਦਾ ਯਤਨ ਕਰਦੇ ਸਨ, ਉਨ੍ਹਾਂ ਨੂੰ ਤੀਰਾਂ ਤਲਵਾਰਾਂ ਨਾਲ ਝਾੜ ਕੇ ਕਿਵੇਂ ਪਰ੍ਹਾਂ ਸੁਟ ਜਾਂਦੇ ਸਨ, ਇਸ ਬਾਰੇ ਮੌਕੇ ਦਾ ਗਵਾਹ ਮੁਹੰਮਦ ਕਾਸਿਮ ਲਿਖਦਾ ਹੈ–"ਜਦ ਕਦੀ ਸਾਡੇ ਆਦਮੀ ਅੱਪੜ ਕੇ ਉਨ੍ਹਾਂ ਨੂੰ ਹੁਟਕਦੇ ਤਾਂ ਤੀਰ ਬੰਦੂਕ ਯਾ ਤਲਵਾਰ ਨਾਲ ਮੁਗ਼ਲਾਂ ਦਾ ਵੀ ਕਾਟਾ ਕਰ ਕੇ ਧਰ ਜਾਂਦੇ।" ਫਿਰ ਅੱਗੇ ਲਿਖਦਾ ਹੈ– "..ਦੋਜ਼ਖੀ ਸਿਖਾਂ ਦੇ ਬਹਾਦਰੀ ਤੇ ਦਲੇਰੀ ਦੇ ਕਾਰਨਾਮੇ ਹੈਰਾਨ ਕਰ ਦੇਣ ਵਾਲੇ ਸਨ। ਹਰ ਰੋਜ਼ ਦੋ ਜਾਂ ਤਿੰਨ ਵਾਰੀ ਕੁਝ ਚਾਲੀ ਜਾਂ ਪੰਜਾਹ ਕਲਮੂੰਹੇਂ ਸਿਖ ਆਪਣੇ ਪਸ਼ੂ ਡੰਗਰਾਂ ਵਾਸਤੇ ਘਾਹ ਪੱਠੇ ਲਈ ਨਿਝਕ ਤੇ ਬਗ਼ੈਰ ਕਿਸੇ ਦੇ ਡਰੋਂ ਬਾਹਰ ਨਿਕਲਦੇ ਅਤੇ ਜਦ ਬਾਦਸ਼ਾਹੀ ਲਸ਼ਕਰੀਆਂ ਦੀਆਂ ਚੋਣਵੀਆਂ ਮਿਲਵੀਆਂ ਫੌਜੀ ਟੁਕੜੀਆਂ (ਦਸਤੇ) ਉਨ੍ਹਾਂ ਨੂੰ ਰੋਕਣ ਜਾਂਦੀਆਂ ਤਾਂ ਉਹ ਆਪਣੇ ਤੀਰਾਂ, ਬੰਦੂਕਾਂ ਤੇ ਛੋਟੀਆਂ ਤਲਵਾਰਾਂ ਨਾਲ ਮੁਗ਼ਲ ਫੌਜਾਂ ਦੇ ਆਹੂ ਲਾਹ ਕੇ ਅਲੋਪ ਹੋ ਜਾਂਦੇ। ਸਾਡੇ ਲਸ਼ਕਰ ਦੇ ਕਮਾਂਡਰਾਂ ਦੇ ਦਿਲਾਂ ਵਿਚ ਸਿਖ ਆਗੂ (ਬੰਦਾ ਸਿੰਘ) ਦੀ ਜਾਦੂਗਰੀ ਤੇ ਸਿੰਘਾਂ ਦਾ ਖ਼ੌਫ਼ ਇਤਨਾ ਘਰ ਕਰ ਗਿਆ ਸੀ ਕਿ ਦੋਵੇਂ ਹੱਥ ਚੁਕ ਕੇ ਖ਼ੁਦਾਵੰਦ ਪਾਕ ਅੱਗੇ ਦੁਆ ਕਰਦੇ ਸਨ ਕਿ ਉਹ ਕੋਈ ਐਸਾ ਭਾਣਾ ਵਰਤਾਵੇ ਕਿ ਬੰਦਾ ਗੜ੍ਹੀ ਵਿਚੋਂ ਨਿਕਲ ਕੇ ਕਿਧਰੇ ਨੱਠ ਜਾਵੇ, ਜਿਸ ਨਾਲ ਸਾਡੀ ਤੇ ਨੌਕਰਾਂ ਦੀ ਇਜ਼ਤ-ਆਬਰੂ ਬਣੀ ਰਹੇ।" ਇਹ ਸੀ ਮਾਨਸਿਕ ਦਸ਼ਾ ਉਸ ਵੇਲੇ ਬਾਦਸ਼ਾਹੀ ਸੈਨਾ ਦੇ ਸਰਦਾਰਾਂ ਦੀ, ਜੋ ਇਤਨੀ ਵੱਡੀ ਫੌਜ ਦੇ ਨਾਲ ਗੜ੍ਹੀ ਦੁਆਲੇ ਘੇਰਾ ਘਤੀ ਬੈਠੇ ਸਨ, ਤੇ ਅੰਦਰ ਸਨ ਸਿਰਫ਼ ੧੨੫੦ ਆਦਮੀ।

ਇਨ੍ਹਾਂ ਹੱਲਿਆਂ ਤੇ ਸ਼ਾਹੀ ਫ਼ੌਜ ਵਲੋਂ ਮੁਹਾਸਰੇ (ਚੌਗਿਰਦੇ ਘੇਰੇ) ਦੀ ਪੱਕਿਆਈ ਸੰਬੰਧੀ ਰਿਪੋਰਟ ਇਕ ਚਿਠੀ ਰਾਹੀਂ ਬਾਦਸ਼ਾਹ ਨੂੰ ੨੦ ਅਪ੍ਰੈਲ (੨੯ ਰੱਬੀ-ਉੱਸਾਨੀ) ਨੂੰ ਦਿਲੀ ਵਿਖੇ ਪੁਜੀ।

ਮੁੰਨਤਖ਼ਿਬੁਲ-ਲੁਬ ਬ ਦਾ ਕਰਤਾ ਖ਼ਾਫ਼ੀ ਖ ਨ ਲਿਖਦਾ ਹੈ ਕਿ ਬਾਦਸ਼ਾਹੀ ਲਸ਼ਕਰ ਵਿਚ ਬੰਦੇ ਦੀ ਜਾਦੂਗਰੀ ਦਾ ਇਤਨਾ ਡਰ ਫੈਲਿਆ ਹੋਇਆ ਸੀ ਕਿ ਜੇਕਰ ਗੜ੍ਹੀ ਵਿਚੋਂ ਬਿੱਲੀ ਜਾਂ ਕੁੱਤਾ ਬਾਹਰ ਨਿਕਲਦਾ


www.AKJ.Org

ਤਾਂ ਪਹਿਰੇ ਤੇ ਖੜੇ ਆਦਮੀ ਉਸ ਉਤੇ ਟੁੱਟ ਪੈਂਦੇ ਤੇ ਇਟ ਪੱਥਰ ਤੀਰ ਬੰਦੂਕ ਨਾਲ ਉਸ ਨੂੰ ਦੂਰੋਂ ਹੀ ਮਾਰ ਸੁਟਦੇ, ਮਤੇ ਇਹ ਵੀ ਕੋਈ ਜਾਦੂਗਰੀ ਦੀ ਹੀ ਬਲਾ ਨਾ ਹੋਵੇ।[3]

ਫ਼ਰੁੱਖਸੀਅਰ ਦੇ ਦਰਬਾਰ ਵਿਚ ਸੱਯਦ ਭਰਾਵਾਂ ਦੀ ਹੀ ਚਲਦੀ ਸੀ। ਫ਼ਰੁੱਖਸੀਅਰ ਨੂੰ ਬਾਦਸ਼ਾਹ ਬਣਾਇਆ ਹੀ ਉਨ੍ਹਾਂ ਸੀ ਅਤੇ ਬਾਦਸ਼ਾਹ ਉਤੇ ਉਨ੍ਹਾਂ ਦਾ ਬਹੁਤ ਹੀ ਅਸਰ ਸੀ। ਉਹ ਜੋ ਕਹਿੰਦੇ, ਸੋ ਕਰਦਾ। ਇਨ੍ਹਾਂ ਦੀ ਦਲੇਰਿ-ਜੰਗ ਨਾਲ ਬਹੁਤ ਲਗਦੀ ਸੀ। ਇਸ ਲਈ ਜਦ ਗੜ੍ਹੀ ਦਾ ਘੇਰਾ ਘਤਿਆਂ ਤਿੰਨ ਚਾਰ ਮਹੀਨੇ ਹੋ ਗਏ ਤੇ ਬੰਦਾ ਸਿੰਘ ਨੇ ਸ਼ਾਹੀ ਲਸ਼ਕਰ ਦੀ ਕੋਈ ਪੇਸ਼ ਨਾ ਜਾਣ ਦਿਤੀ ਤਾਂ ਉਨ੍ਹਾਂ ਬਾਦਸ਼ਾਹ ਨੂੰ ਕਿਹਾ ਕਿ ਇਹ ਸਾਰਾ ਕਸੂਰ ਦਲੇਰਿ ਜੰਗ ਦੀ ਸੁਸਤੀ ਦਾ ਹੈ। ਉਹ ਆਰਾਮ ਨਾਲ ਢਿਲਾ ਹੋਇਆ ਬੈਠਾ ਹੈ। ਉਨ੍ਹਾਂ ਨੂੰ ਇਹਸਾਸ ਸੀ ਕਿ ਬੰਦਾ ਸਿੰਘ ਨੂੰ ਕਾਬੂ ਕਰ ਲੈਣਾ ਅਬਦੁੱਸਮਦ ਖਾਨ ਦੇ ਵੱਸ ਦਾ ਰੋਗ ਨਹੀਂ! ਇਹ ਸੱਯਦ ਘਰਾਣਾ ਅਬਦੁੱਸਮਦ ਖਾਨ ਦੇ ਤਾਤਾਰੀ ਘਰਾਣੇ ਨੂੰ ਬਾਦਸ਼ਾਹ ਦੀਆਂ ਨਜ਼ਰਾਂ ਵਿਚ ਬਿਲਕੁਲ ਨੀਚਾ ਦਿਖਾ ਕੇ ਕੌਡੀਓਂ ਖੋਟਾ ਕਰਨਾ ਚਾਹੁੰਦਾ ਸੀ। ਬੰਦਾ ਸਿੰਘ ਦੀ ਅਗਵਾਈ ਵਿਚ ਉਹ ਸਿਖ ਲਹਿਰ ਦੇ ਉਭਾਰ ਨੂੰ ਵੀ ਖ਼ਤਮ ਕਰਨਾ ਚਾਹੁੰਦੇ ਸਨ। ਸਾਦਾਤ ਬਾਹਰੇ ਦੇ ਸੱਯਦਾਂ ਦਾ ਬ੍ਰਿਗੇਡ, ਜੋ ਮੁਗ਼ਲ ਸੈਨਾ ਵਿਚ ਅਜਿੱਤ ਮੰਨਿਆ ਜਾਂਦਾ ਸੀ, ਉਹ ਵੀ ਬੰਦਾ ਸਿੰਘ ਦੇ ਸਾਮ੍ਹਣੇ ਅੜ ਨਹੀਂ ਸੀ ਸਕਿਆ। ਲੋਹਗੜ੍ਹ ਦੇ ਪਹਿਲੇ ਘੇਰੇ ਵੇਲੇ ਉਹ ਬਹਾਦਰ ਸ਼ਾਹ ਦੇ ਲਸ਼ਕਰ ਦੇ ਨਾਲ ਸਨ ਤੇ ਸਿਖਾਂ ਹੱਥੋਂ ਇਨ੍ਹਾਂ ਦੀ ਬੁਰੀ ਬਾਬ ਹੋਈ ਸੀ! ਫਿਰ ਗੰਗ ਦੁਆਬ ਦੇ ਹਮਲਿਆਂ ਵੇਲੇ ਸਾਦਾਤ ਬਾਹਰੇ ਦੇ ਪਿੰਡਾਂ ਨੂੰ ਚੰਗੀ ਤਰ੍ਹਾਂ ਸੋਧਿਆ ਸੀ ਤੇ ਸੱਯਦਾਂ ਦੀ ਰਹੀ ਸਹੀ ਸਾਖ ਵੀ ਮਿੱਟੀ ਵਿਚ ਮਿਲਾ ਦਿਤੀ ਸੀ। ਇਹ ਸਯਦ ਭਰਾ ਓਦੋਂ ਦੇ ਹੀ ਬੰਦਾ ਸਿੰਘ ਵਿਰੁਧ ਅਧਮੋਏ ਸੱਪ ਵਾਂਗ ਵਿਸ ਘੋਲ ਰਹੇ ਸਨ। ਅਬਦੁੱਸਮਦ ਖਾਨ ਬੰਦਾ ਸਿੰਘ ਨੂੰ ਮਾਰ ਲਵੇ ਜਾਂ ਜ਼ਿੰਦਾ ਫੜ ਲੈਣ ਵਿਚ ਸਫਲ ਹੋ ਜਾਵੇ, ਇਹ ਉਨ੍ਹਾਂ ਦੀ ਦਿਲੀ ਖ਼ਾਹਿਸ਼ ਸੀ, ਪਰ ਉਨ੍ਹਾਂ ਦੀ ਇਹ ਵੀ ਨੀਅਤ ਸੀ ਕਿ ਅਬਦੁੱਸਮਦ ਖਾਨ ਕਾਹਲੀ ਤੇ ਬੇ-ਪਰਵਾਹੀ ਵਿਚ ਕੋਈ ਐਸਾ ਕਦਮ ਪੁੱਟੇ ਜਿਸ ਨਾਲ ਉਸ ਨੂੰ ਹਾਰ ਹੋਵੇ (ਜਿਸ ਦਾ ਉਨ੍ਹਾਂ ਦਾ ਪੱਕਾ ਯਕੀਨ ਸੀ, ਕਿਉਂਕਿ ਬਾਦਸ਼ਾਹ ਬਹਾਦਰ ਸ਼ਾਹ ਸਮੇਤ ਆਪਣੇ ਸਹਿਜ਼ਾਦਿਆਂ ਤੇ ਹਿੰਦੁਸਤਾਨ ਦੀ ਬਹੁਤ ਵੱਡੀ ਫੌਜ,, ਜਿਸ ਵਿਚ ਸਾਦਾਤ ਬਾਹਰੇ ਦੇ ਸੱਯਦ ਮੂਹਰਲਿਆਂ ਵਿਚ ਸਨ, ਨਾਲ ਸਾਰਾ ਟਿੱਲ ਲਾ ਕੇ ਬੰਦਾ ਸਿੰਘ ਨੂੰ ਫੜ ਨਹੀਂ ਸੀ ਸਕਿਆ) ਤਾਂ ਇਸ ਤਾਤਾਰੀ ਖ਼ਾਨਦਾਨ ਦਾ ਦਰਬਾਰ ਵਿਚੋਂ ਜ਼ੋਰ ਤੋੜਿਆ ਜਾਵੇ। ਇਸ ਲਈ ਸੱਯਦ ਭਰਾਵਾਂ ਨੇ ਫ਼ਰੁੱਖ-ਸੀਅਰ ਨੂੰ ਅਬਦੁੱਸਮਦ ਵਿਰੁਧ ਚੰਗਾ ਭਖਾਇਆ।

ਬਾਦਸ਼ਾਹ ਨੇ ਦਲੇਰਿ ਜੰਗ ਨੂੰ ਗੁਸੇ ਨਾਲ ਲਿਖਿਆ ਕਿ ਘੇਰਾ ਘਤੀ ਬੈਠਾ ਹੋਰ ਸਮਾਂ ਨਾ ਗੁਆਵੇ, ਜਿਤਨੀ ਛੇਤੀ ਹੋ ਸਕੇ ਕਿਲ੍ਹੇ ਨੂੰ ਸਰ ਕਰੇ ਤੇ ਬੰਦੇ ਨੂੰ ਜੀਉਂਦਾ ਫੜ ਕੇ ਸਾਡੇ ਪਾਸ ਦਿਲੀ ਪੁਚਾਵੇ। "ਪਰ ਰੱਬ ਰਹਿਮਤ ਕਰੇ ਅਬਦੁੱਸਮਦ ਖਾਨ ਉਤੇ, ਕਿ ਰਤਾ ਵੀ ਇਰਾਦਿਓਂ ਨਾ ਡੋਲਿਆ ਅਤੇ ਆਪਣੇ ਸ਼ਰੀਫ਼ ਆਦਮੀ ਹਰਾਮਖ਼ੋਰਾਂ (ਸਿੱਖਾਂ) ਹੱਥੋਂ ਨਾ ਮਰਵਾਏ ਅਤੇ ਦਾਨਸ਼ਮੰਦੀ ਤੇ ਰਾਜਨੀਤੀ ਨਾਲ ਕੰਮ ਕਰਦਾ ਰਿਹਾ।"[8]

ਇਸ ਵਿਚ ਉਸ ਦੀ ਕੋਈ ਰਾਜਨੀਤੀ ਜਾਂ ਦਾਨਸ਼ਮੰਦੀ ਨਜ਼ਰ ਨਹੀਂ ਆਉਂਦੀ। ਸੱਚ ਇਹ ਹੈ ਕਿ ਅਬਦੁੱਸਮਦ ਖਾਨ ਸਿੱਖਾਂ ਤੋਂ ਇਤਨਾ ਡਰਦਾ ਸੀ ਕਿ ਬਾਦਸ਼ਾਹ ਦਾ ਗੁੱਸਾ ਤਾਂ ਸਿਰ ਤੇ ਝਲਿਆ, ਪਰ ਬੰਦਾ ਸਿੰਘ ਨਾਲ ਵਧ ਕੇ ਮੱਥਾ ਨਹੀਂ ਲਾਇਆ।[5]

ਅਬਦੁੱਸਮਦ ਖਾਨ ਨੂੰ ਛੇਤੀ ਹੀ ਇਹਸਾਸ ਹੋ ਗਿਆ ਸੀ ਕਿ ਘੇਰੇ ਵਿਚ ਆਇਆ ਹੋਇਆਂ ਸਿੰਘਾਂ ਨੂੰ ਬਚ ਕੇ ਨਿੰਕਲ ਜਾਣ ਤੋਂ ਰੋਕਣ ਲਈ ੩੦ ਹਜ਼ਾਰ ਤੋਂ ਘਟ ਨਫਰੀ ਦੀ ਲੋੜ ਨਹੀਂ ਹੋਵੇਗੀ। ਜਦ ਆਪਣੀ ਆਈ ਤੇ ਆ ਕੇ ਸਿੰਘਾਂ ਗੜ੍ਹੀ ਚੋਂ ਨਿਕਲ ਜਾਣ ਦਾ ਫ਼ੈਸਲਾ ਕਰ ਲਿਆ ਤਾਂ ੨੪ ਹਜ਼ਾਰ ਦੀ ਨਫ਼ਰੀ ਜੋ ਉਸ ਪਾਸ ਹੈ, ਉਨ੍ਹਾਂ ਦੀ ਯਲਗਾਰ ਨੂੰ ਠਲ੍ਹ ਨਹੀਂ ਪਾ ਸਕੇਗੀ। ਆਪਣੇ ਹੋਣ ਵਾਲੇ ਨੁਕਸਾਨ ਤੋਂ ਉਹ ਐਨਾ ਚਿੰਤਾਤਰ ਸੀ। ਫ਼ਰੁਖ਼ਸੀਅਰ ਨੇ ਬੰਦਾ ਸਿੰਘ ਦੇ ਝੇੜੇ ਨੂੰ ਛੇਤੀ ਖ਼ਤਮ ਕਰਨ ਲਈ ਅਬਦੁੱਸਮਦ ਖਾਨ ਦੀ ਸਹਾਇਤਾ ਲਈ ਕਮੁਰੁਦੀਨ ਖਾਨ ਦੀ ਕਮਾਨ ਥਲੇ ਇਕ ਤਕੜੀ ਤੇ ਸੱਜਰ-ਸਾਹ ਫੌਜ ਦਿਲੀਓਂ ਗੁਰਦਾਸ ਨੰਗਲ ਭੇਜ



www.AKJ.Org

ਦਿਤੀ। ਕਮਰੁਦੀਨ ਦਾ ਇਸ ਮੁਸ਼ਕਲ ਦੇ ਸਮੇਂ ਫ਼ੌਜ ਲੈ ਕੇ ਪਹੁੰਚ ਜਾਣਾ ਅਬਦੁੱਸਮਦ ਖਾਨ ਵਾਸਤੇ ਦਿਲੀ ਸਕੂਨ (ਸ਼ਾਂਤੀ) ਤੇ ਖ਼ੁਸ਼ੀ ਦਾ ਕਾਰਨ ਸੀ।

**ਘੇਰਾ ਹੋਰ ਤੰਗ ਕੀਤਾ ਗਿਆ—**

ਹੁਣ ਅਬਦੁੱਸਮਦ ਖਾਨ ਪਾਸ ਸਿਪਾਹੀਆਂ ਤੇ ਸਰਦਾਰਾਂ ਦੀ ਨਫ਼ਰੀ ੩੦ ਹਜ਼ਾਰ ਤੋਂ ਵੀ ਵਧ ਹੋ ਗਈ। ਉਸ ਨੇ ਘੇਰੇ ਦੀਆਂ ਸਫ਼ਾਂ ਸੰਘਣੀਆਂ ਕਰ ਕੇ ਘੇਰੇ ਨੂੰ ਗੜ੍ਹੀ ਵੱਲ ਖਿਸਕਾਉਣਾ ਸ਼ੁਰੂ ਕਰ ਦਿਤਾ। ਦਿਨ ਦੇ ਚਾਨਣ ਵਿਚ ਫ਼ੌਜ ਵਾਲਿਆਂ ਨੂੰ ਹੋਸਲਾ ਨਾ ਪੈਂਦਾ ਕਿ ਅੱਗੇ ਨੂੰ ਖਿਸਕਣ ਲਈ ਕੋਈ ਹਰਕਤ ਕਰਨ, ਕਿਉਂਕਿ ਸਿੰਘਾਂ ਦੇ ਰਾਮ ਜੰਗਿਆਂ ਚੋਂ ਨਿਕਲੀ ਹੋਈ ਗੋਲੀ ਨਜ਼ਰ ਪਏ ਦੁਸ਼ਮਣ ਲਈ ਮੌਤ ਦਾ ਸਨੇਹਾ ਹੁੰਦੀ। ਫ਼ੌਜ ਰਾਤ ਨੂੰ ਅੱਗੇ ਵਧ ਕੇ ਦਿਨ ਚੜ੍ਹਨ ਤੋਂ ਪਹਿਲਾਂ ਮਿਟੀ ਪੁੱਟ ਕੇ ਦੋ ਢਾਈ ਹੱਥ ਉੱਚਾ ਧੜਾ ਬਣ ਕੇ ਉਸ ਦੀ ਓਟ ਵਿਚ ਹੋ ਕੇ ਦਿਨ ਗੁਜ਼ਾਰ ਲੈਂਦੀ ਤੇ ਰਾਤ ਨੂੰ ਫਿਰ ਇਸ ਤਰ੍ਹਾਂ ਅੱਗੇ ਨੂੰ ਹਰਕਤ ਕਰਦੀ ਤੇ ਇੰਜ ਫ਼ੌਜ ਤੇ ਗੜ੍ਹੀ ਵਿਚਕਾਰ ਫ਼ਾਸਲਾ ਦਿਨੋ ਦਿਨ ਘਟ ਰਿਹਾ ਸੀ। ਜਦ ਇਸ ਤਰ੍ਹਾਂ ਅਗੇ ਨੂੰ ਖਿਸਕਦੇ ਹੋਇਆਂ ਘੇਰਾ ਗੜ੍ਹੀ ਚੋਂ ਤੋਪ ਦੀ ਮਾਰ ਦੀ ਹੱਦ ਵਿਚ ਪਹੁੰਚ ਗਿਆ ਤਾਂ ਸਾਰਿਆਂ ਪਾਸਿਆਂ ਤੇ ਗੜ੍ਹੀ ਵਲ ਇਕ-ਸਾਰ ਨਜ਼ਦੀਕ ਨਜ਼ਦੀਕ ਹੋਣ ਦਾ ਕੰਮ ਵਖ ਵਖ ਕਮਾਂਡਰਾਂ ਨੂੰ ਵੰਡ ਦਿਤਾ ਗਿਆ। ਆਪ ਅਬਦੁੱਸਮਦ ਖਾਨ ਨੇ ਲਾਹੌਰੀ ਫ਼ੌਜ, ਜੋ ਦਸ ਹਜ਼ਾਰ ਸੀ, ਨਾਲ ਗੜ੍ਹੀ ਦੀ ਦਖਣ ਦੀ ਬਾਹੀ ਮੱਲ ਲਈ। ਚੜ੍ਹਦੇ ਪਾਸੇ ਦਿਲੀ ਦੀ ੨੦ ਹਜ਼ਾਰ ਫ਼ੌਜ ਲੈ ਕੇ ਕਮਰੁਦੀਨ ਹੋ ਗਿਆ। ਜ਼ਕਰੀਆ ਖਾਨ ਦੀ ਕਮਾਨ ਥਲੇ ਜੰਮੂ ਦੀ ੫ ਹਜ਼ਾਰ ਫ਼ੌਜ ਸੀ, ਪਹਾੜ ਦੀ ਬਾਹੀ ਉਸਦੇ ਹਵਾਲੇ ਕੀਤੀ ਗਈ। ਚੌਥੀ ਬਾਹੀ, ਜੋ ਲਹਿੰਦੇ ਦੀ ਸੀ ਤੇ ਜਿਸ ਪਾਸੇ ਕੁਝ ਦੂਰੀ ਤੇ ਰਾਵੀ ਦਰਿਆ ਵਗਦਾ ਹੈ, ਇਹ ਗੁਜਰਾਤ, ਏਮਨਾਬਾਦ, ਪੱਟੀ, ਕਲਾਨੌਰ ਦੇ ਫ਼ੌਜਦਾਰਾਂ, ਨਵਾਬਾਂ, ਸਰਦਾਰਾਂ ਅਤੇ ਕਾਂਗੜੇ ਤੇ ਜਸਰੋਟੇ ਦੇ ਰਾਜਿਆਂ ਦੇ ਸਪੁਰਦ ਕੀਤੀ ਗਈ। ਚੂੰਕਿ ਸਾਂਝੇ ਬਲ ਤੇ ਯਤਨਾਂ ਦੀ ਲੋੜ ਸੀ, ਇਸ ਲਈ ਗੜ੍ਹੀ ਦੇ ਸਾਰੇ ਪਾਸੀਂ ਲਾਗੇ ਲਾਗੇ ਕਰ ਕੇ ਤੰਬੂ ਲਾ ਦਿਤੇ ਗਏ ਅਤੇ ਰੱਸੇ ਨਾਲ ਰੱਸਾ ਬੰਨ੍ਹ ਦਿਤਾ ਗਿਆ।

ਅਬਦੁੱਸਮਦ ਖਾਨ ਨੇ ਹੁਕਮ ਦੇ ਕੇ ਤੋਪਾਂ ਲਈ, ਜੋ ਸਿਧੇ ਗੋਲੇ ਗੜ੍ਹੀ ਵਿਚ ਵਰ੍ਹਾ ਸਕਣ, ਉਚੇ ਦਮਦਮੇ ਬਣਾ ਲਏ ਤੇ ਮੋਰਚੇ ਹੋਰ ਅੱਗੇ ਸਰਕਾ ਦਿਤੇ। ਅੰਦਰੋਂ ਸਿੰਘ ਵੀ ਇਹ ਸਭ ਕੁਝ ਹੁੰਦਾ ਵੇਖ ਰਹੇ ਸਨ। ਉਨ੍ਹਾਂ ਆਪਣੇ ਬਚਾਉ ਲਈ ਯਤਨ ਜਾਰੀ ਰਖੇ। ਦਿਨ ਰਾਤ ਉਹ ਅੰਦਰੋਂ ਗੋਲੀਆਂ ਤੇ ਤੀਰਾਂ ਨਾਲ ਦੁਸ਼ਮਣ ਦਾ ਸਿਰ ਦਬਾਈ ਰਖਦੇ। ਕਈ ਵਾਰ ਉਹ ਗੜ੍ਹੀ ਦੇ ਵਿਚੋਂ ਨਿਕਲ ਕੇ ਦੁਸ਼ਮਣ ਦੇ ਮੋਰਚਿਆਂ ਉਤੇ ਜਾ ਪੈਂਦੇ ਤੇ ਤੀਰਾਂ ਤਲਵਾਰਾਂ ਤੇ ਨੇਜ਼ਿਆਂ ਨਾਲ ਕਈਆਂ ਨੂੰ ਮਾਰ ਖਪਾਉਂਦੇ ਤੇ ਫਿਰ ਗੜ੍ਹੀ ਵਿਚ ਆ ਵੜਦੇ। ਇਸ ਰੋਜ਼ ਦੇ ਨੁਕਸਾਨ ਤੋਂ ਫ਼ੌਜ ਡਾਢੀ ਜਿਚ ਹੋ ਗਈ। ਇਨ੍ਹਾਂ ਸ਼ਾਹੀ ਲਸ਼ਕਰੀਆਂ ਆਪਣੇ ਘੋੜੇ ਤੇ ਆਦਮੀ ਬਚਾਉਣ ਲਈ ਆਪਣੇ ਤੰਬੂਆਂ ਤੋਂ ਅੱਗੇ ੧੦ ਤੋਂ ੨੦ ਗਜ਼ ਤਕ ਲੰਮਾ ਮਿੱਟੀ ਦਾ ਬੰਨ੍ਹ ਬਣਾ ਲਿਆ। ਫਿਰ ਸਿੰਘਾਂ ਨੂੰ ਓਦੋਂ ਹੀ ਪਤਾ ਲੱਗਾ ਜਦ ਉਨ੍ਹਾਂ ਵਿਚਕਾਰਲੇ ਖ਼ਾਲੀ ਥਾਵਾਂ ਨੂੰ ਵੀ ਮਿੱਟੀ ਨਾਲ ਭਰ ਲਿਆ ਤੇ ਇਸ ਤਰ੍ਹਾਂ ਸਾਰੇ ਪਾਸੀਂ ਤੰਬੂਆਂ ਦੇ ਮੂਹਰੇ ਇਕ ਕੰਧ ਬਣ ਗਈ ਜਿਸ ਨਾਲ ਸਿੰਘਾਂ ਦੀ ਗੜ੍ਹੀ ਘਿਰ ਗਈ। ਪਰ ਸਿੰਘਾਂ ਦੇ ਝਪਟੇ ਅੱਗੇ ਇਹ ਰੋਕ ਵੀ ਕੋਈ ਬਹੁਤਾ ਬਚਾਉ ਨਾ ਕਰ ਸਕੀ। ਜਦ ਫ਼ੌਜ ਨੂੰ ਚਿਤ ਚੇਤਾ ਵੀ ਨਹੀਂ ਸੀ ਹੁੰਦਾ, ਉਹ ਦਲੇਰੀ ਨਾਲ ਛੂਟ ਮਾਰ ਕੇ ਗੜ੍ਹੀਓਂ ਨਿਕਲਦੇ ਤੇ ਸਾਰੀਆਂ ਰੋਕਾਂ ਨੂੰ ਲਿਤਾੜ ਕੇ, ਜੋ ਹੱਥ ਆਉਂਦਾ, ਲੈ ਕੇ ਨਿਕਲ ਜਾਂਦੇ। ਮੁਗਲਾਂ ਨੂੰ ਮਗਰ ਪੈਣ ਦੀ ਹਿੰਮਤ ਤੇ ਜੁਰਅਤ ਹੀ ਨਾ ਪੈਂਦੀ। ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ ਦੇ ਪਿਤਾ ਨੇ ਤਾਂ ਇਨ੍ਹਾਂ ਹੱਲਿਆਂ ਨਾਲ ਵੈਰੀ ਨੂੰ ਚਕਰਾ ਸੁੱਟਿਆ ਸੀ। ਇਹ ਹੱਲਾ ਕਰਕੇ ਫ਼ੌਜ ਦੇ ਬਾਜ਼ਾਰਾਂ ਵਿਚ ਜਾ ਵੜਦੇ ਤੇ ਸੀਰਨੀ ਤੇ ਹੋਰ ਖਾਣ ਵਾਲੀਆਂ ਚੀਜ਼ਾਂ ਧੂਹ ਭਰੂ ਕੇ ਗੜ੍ਹੀ ਵੱਲ ਮੁੜ ਜਾਂਦੇ। ਇਸ ਬਜ਼ੁਰਗ ਸਿੰਘ ਦੀ ਦਲੇਰੀ ਨੂੰ ਵੇਖ ਕੇ ਕੀ ਮੁਗ਼ਲ ਸਰਦਾਰ ਤੇ ਕੀ ਸਿਪਾਹੀ ਹੈਰਾਨ ਰਹਿ ਜਾਂਦੇ। ਦੁਸ਼ਮਣ ਤੇ ਇਸ ਤਰ੍ਹਾਂ ਪੰਜਾ ਮਾਰਨਾ ਬਾਬਾ ਬਿਨੋਦ ਸਿੰਘ ਦਾ ਰੋਜ਼ ਦਾ



www.AKJ.Org

ਹੀ ਕੰਮ ਹੋ ਗਿਆ ਸੀ। ਵੈਰੀ ਨੇ ਇਸ ਸਿੰਘ ਨੂੰ ਫੜਨ ਦੇ ਮਿਥ ਮਿਥ ਕੇ ਯਤਨ ਕੀਤੇ, ਪਰ ਸਭ ਨਿਸਫਲ ਗਏ। ਜੇ ਫ਼ੌਜ ਸਵੇਰ ਨੂੰ ਪਹਿਰਾ ਪੱਕਾ ਕਰਦੀ ਤਾਂ ਬਿਨੋਦ ਸਿੰਘ ਸ਼ਾਮ ਨੂੰ ਆ ਪੈਂਦਾ, ਤੇ ਜੇ ਉਹ ਸ਼ਾਮ ਨੂੰ ਪਹਿਰੇ ਦੀ ਸਖ਼ਤਾਈ ਕਰਦੇ ਤਾਂ ਉਹ ਦੁਪਹਿਰੇ ਝਪਟਾ ਮਾਰ ਜਾਂਦਾ। ਬੜੇ ਹੀ ਪਹਿਰੇ ਕਰੜੇ ਕੀਤੇ, ਬੜੀ ਚੌਕਸੀ ਵਰਤੀ, ਪਰ ਬਾਬਾ ਬਿਨੋਦ ਸਿੰਘ ਹਰ ਵਾਰ ਕਾਰਾ ਕਰਕੇ ਸਾਫ਼ ਨਿਕਲ ਜਾਂਦਾ। ਸਿੰਘਾਂ ਦੀ ਦਲੇਰੀ, ਫੁਰਤੀ, ਉਦਮ ਤੇ ਜੰਗੀ ਗੁਣਾਂ ਨੂੰ ਵੇਖ ਕੇ ਵੈਰੀ ਵਾਹ ਵਾਹ ਕਰ ਉਠਦਾ ਸੀ। ਵੈਰੀ ਨੂੰ ਹਰ ਸਮੇਂ ਇਹੋ ਤੌਖਲਾ ਲੱਗਾ ਰਹਿੰਦਾ ਕਿ ਅੰਦਰ ਘਿਰੇ ਹੋਏ ਸਿੰਘ ਕਿਸੇ ਵੇਲੇ ਜਾਨਾਂ ਤਲੀ ਤੇ ਧਰ, ਇਕ ਜ਼ੋਰਦਾਰ ਹੱਲਾ ਕਰ ਕੇ ਆਪਣੇ ਆਗੂ ਨੂੰ ਸਾਫ ਕਢ ਨਾ ਲੈ ਜਾਣ। ਦਿਨੇ ਰਾਤ ਸਖ਼ਤ ਪਹਿਰਾ ਸੀ। ਸਾਰੀ ਰਾਤ ਮਿਸ਼ਾਲਾ ਬਲਦੀਆਂ ਤੇ ਪਹਿਰੇ ਵਾਲਿਆਂ ਦੇ ਹੋਕਰੇ ਵਜਦੇ ਰਹਿੰਦੇ । ਇਹ ਘੇਰਾ ਕਈ ਮਹੀਨੇ ਜਾਰੀ ਰਿਹਾ ਤੇ ਦੋਹਾਂ ਪਾਸਿਆਂ ਦਾ ਬੜਾ ਨੁਕਸਾਨ ਹੋਇਆ। ਕਮਰੁੱਦੀਨ ਨੂੰ ਦਿਲੀਓਂ ਆਇਆਂ ੩ ਮਹੀਨੇ ਹੋ ਗਏ ਸਨ, ਪਰ ਅਜੇ ਸਿੱਟਾ ਕੋਈ ਨਹੀਂ ਸੀ ਨਿਕਲਿਆ।

ਘੇਰਾ ਪਏ ਨੂੰ ੬ ਮਹੀਨਿਆਂ ਤੋਂ ਉਪਰ ਸਮਾਂ ਹੋ ਗਿਆ ਸੀ ਤੇ ਗੜ੍ਹੀ ਸਰ ਕਰ ਕੇ ਬੰਦਾ ਸਿੰਘ ਤੇ ਉਸਦੇ ਸਾਥੀਆਂ ਨੂੰ, ਜਿਵੇਂ ਕਿ ਫ਼ਰੁੱਖ਼-ਸੀਅਰ ਦੀ ਖ਼ਾਹਿਸ਼ ਸੀ, ਜੀਉਂਦਿਆਂ ਫੜ ਲੈਣਾ ਅਬਦੁੱਸਮਦ ਖਾਨ ਨੂੰ ਸੰਭਵ ਪਰਤੀਤ ਨਹੀਂ ਸੀ ਹੁੰਦਾ । ਉਹ ਘੇਰਾ ਚੁਕ ਕੇ ਪਿਛਾਂਹ ਹਟ ਕੇ ਕਿਥੇ ਮੂੰਹ ਵਿਖਾਵੇਗਾ । ਉਹ ਬੰਦਾ ਸਿੰਘ ਨਾਲ ਸਿਧਾ ਮੱਥਾ ਲਾਉਣ ਦੀ ਥਾਂ ਘੇਰੇ ਨੂੰ ਪੱਕਾ ਪੀਢਾ ਕਰ ਕੇ ਅੰਦਰਲਿਆਂ ਨੂੰ ਭੁਖ ਨਾਲ ਆਤੁਰ ਕਰ ਕੇ ਫੜਨਾ ਜਾਂ ਮਾਰਨਾ ਚਾਹੁੰਦਾ ਸੀ। ਇਸ ਲਈ ਘੇਰੇ ਨੂੰ ਹੋਰ ਅੱਗੇ ਸਰਕਾ ਲਿਆ ਤੇ ਦਿਨ ਰਾਤ ਦਾ ਪਹਿਰਾ ਹੋਰ ਪੱਕਾ ਕਰ ਦਿਤਾ।

ਏਨੀ ਸਖ਼ਤੀ ਤੇ ਕਰੜਾਈ ਦੇ ਬਾਵਜੂਦ ਵੀ ਦਲੇਰ-ਜੰਗ ਦੇ ਮਨ ਵਿਚ ਇਹ ਭੈ ਘਰ ਕਰੀ ਬੈਠਾ ਸੀ ਕਿ ਬੰਦਾ ਸਿੰਘ ਨੇ ਜਦ ਚਾਹਿਆ, ਇਨ੍ਹਾਂ ਸਭ ਘੇਰਿਆਂ ਤੇ ਪਾਹਰਿਆਂ ਦੇ ਹੁੰਦੇ ਹੋਏ ਵੀ ਨਿਕਲ ਜਾਣਾ ਹੈ, ਕਿਉਂਕਿ ਅੱਗੇ ਬਾਦਸ਼ਾਹੀ ਲਸ਼ਕਰ ਘੇਰੇ ਪਾ ਪਾ ਕੇ ਉਸ ਨੂੰ ਫੜਨ ਵਿਚ ਸਫਲ ਨਹੀਂ ਸੀ ਹੋ ਸਕਿਆ। ਅੰਦਰ ਜਿੰਨਾ ਚਿਰ ਸਿੰਘਾਂ ਪਾਸ ਦਾਰੂ ਸਿੱਕਾ ਹੈ, ਸਾਡਾ ਨੁਕਸਾਨ ਕਰੀ ਜਾਣਗੇ, ਜਿਸ ਦਿਨ ਮੁੱਕ ਗਿਆ, ਲਾਜ਼ਮੀ ਜਿਸ ਪਾਸੇ ਪਏ, ਫ਼ੌਜ ਨੂੰ ਚੀਰ ਪਾੜ ਕੇ ਨਿਕਲ ਜਾਣਗੇ। ਇਸ ਲਈ ਘੋੜਿਆਂ ਦੇ ਟੱਪ ਜਾਣ ਤੋਂ ਉੱਚੀਆਂ ਤੇ ਮਜ਼ਬੂਤ ਰੋਕਾਂ ਖੜੀਆਂ ਕੀਤੀਆਂ ਜਾਣ ਲਈ ਹੁਕਮ ਦੇ ਦਿਤਾ। ਇਕ ਹਜ਼ਾਰ ਕੁਹਾੜਿਆਂ ਵਾਲੇ ਬੇਲਦਾਰ, ਇਕ ਹਜ਼ਾਰ ਤਰਖਾਣ ਆ ਲੇ ਦੁਆਲੇ ਦੇ ਦਰੱਖ਼ਤ ਵਢਣ ਤੇ ਲਾਏ ਗਏ। ਦੋ ਹਜ਼ਾਰ ਊਠ ਇਨ੍ਹਾਂ ਦਰੱਖਤਾਂ ਨੂੰ ਚੁਕ ਕੇ ਲਿਆਉਂਦੇ, ਤਰਖਾਣ ਇਨ੍ਹਾਂ ਦੀਆਂ ਚੂਲਾਂ ਕਢ ਕੇ ਆਪਸ ਵਿਚ ਠੋਕ-ਫਸਾ ਕੇ ਜੰਗਲਾ ਜਿਹਾ ਬਣਾ, ਗੜ੍ਹੀ ਦੇ ਦੁਆਲੇ ਖੜਾ ਕਰੀ ਜਾ ਰਹੇ ਸਨ। ਕਿਤੇ ਕੰਡਿਆਂ ਵਾਲੇ ਰੁਖ ਧੂਹ ਕੇ ਲਿਆ ਲਿਆ ਵਾੜ ਵਾਂਗ ਫਸਾ ਫਸਾ ਇੰਜ ਰਖੀ ਗਏ ਕਿ ਇਕ ਉਚੀ ਵਾੜ ਜਿਹੀ ਬਣ ਗਈ, ਜਿਸ ਉਤੋਂ ਦੀ ਸਵਾਰ ਦਾ ਘੋੜਾ ਟਪਾ ਕੇ ਨਿਕਲ ਜਾਣਾ ਅਸੰਭਵ ਸੀ। ਇਸ ਤਰ੍ਹਾਂ ਰੁਖਾਂ ਦੀ ਵਾੜ ਦਾ ਚੱਕਰ ਪੂਰਾ ਹੋ ਗਿਆ। ਫਿਰ ਦਰੱਖ਼ਤਾਂ ਦੀ ਇਸ ਪ੍ਰਕਾਰ ਬਣੀ ਹੋਈ ਫ਼ਸੀਲ ਦੇ ਨਾਲ ਅਗਲੇ ਪਾਸਿਓਂ ਮਿੱਟੀ ਪੁੱਟ ਪੁੱਟ ਕੇ ਉੱਚੇ ਪੈੜ ਬੰਨ੍ਹ ਦਿਤੇ। ਇਹ ਸਾਰੇ ਚੱਕਰ ਦਾ ਮਰ੍ਹੜਾ ਬੜੀ ਮਜ਼ਬੂਤ ਰੋਕ ਬਣ ਗਈ। ਗੱਲ ਇਥੇ ਹੀ ਬੱਸ ਨਹੀਂ ਹੋਈ। ਮਰ੍ਹੜਾ ਬੰਨ੍ਹਾਉਣ ਲਈ ਰੁਖਾਂ ਦੇ ਅਗਲੇ ਪਾਸਿਓਂ ਜੋ ਮਿੱਟੀ ਪੁਟੀ ਗਈ, ਇਸ ਨਾਲ ਸਾਰੀ ਗੜ੍ਹੀ ਦੁਆਲੇ ਖਾਈ ਜਿਹੀ ਬਣ ਗਈ ਸੀ। ਇਸ ਨੂੰ ਹੋਰ ਡੂੰਘਾ ਕਰ ਕੇ ਇਸਦੇ ਕੰਢੇ ਬਿਲਕੁਲ ਸਿਧੇ ਖੜਵੇਂ ਬਣਾ ਦਿਤੇ, ਤਾਕਿ ਇਸ ਅੰਦਰ ਜੋ ਬੰਦਾ ਜਾਂ ਘੋੜਾ ਇਕ ਵਾਰ ਵੜ ਜਾਵੇ, ਮੁੜ ਕੇ ਆਸਾਨੀ ਨਾਲ ਨਿਕਲ ਨਾ ਸਕੇ। ਘੇਰਾ ਘਤਣ ਵਾਲਿਆਂ ਵਲੋਂ ਪਾਈਆਂ ਇਤਨੀਆਂ ਸਾਰੀਆਂ ਰੋਕਾਂ ਦੇ ਹੁੰਦਿਆਂ ਹੋਇਆਂ ਵੀ ਸਿੰਘਾਂ ਦੀਆਂ ਅੰਦਰੋਂ ਝਪਟਾਂ ਜਾਰੀ ਰਹੀਆਂ, ਜਿਨ੍ਹਾਂ ਨਾਲ ਬਾਹਰ ਘੇਰਾ ਪਾਉਣ ਵਾਲਿਆਂ ਦਾ ਬੜਾ ਨੁਕਸਾਨ ਹੁੰਦਾ ਰਿਹਾ। ਅੰਦਰੋਂ ਸਿੰਘ ਏਨੀ ਮਾਰੂ ਅੱਗ ਵਰ੍ਹਾਉਂਦੇ ਸਨ ਕਿ ਲਸ਼ਕਰੀਆਂ ਨੂੰ ਹੌਸਲਾ ਨਹੀਂ ਸੀ ਪੈਂਦਾ, ਕਿ ਖੁਲ੍ਹੇ ਥਾਂ ਨਿਕਲ ਕੇ



www.AKJ.Org

ਗੜ੍ਹੀ ਉਤੇ ਧਾਵਾ ਬੋਲ ਸਕਣ, ਕਿਉਂਕਿ ਉਨ੍ਹਾਂ ਕਈ ਵਾਰ ਇਹ ਅਜ਼ਮਾ ਕੇ ਵੇਖ ਲਿਆ ਸੀ ਤੇ ਹਰ ਵਾਰ ਆਪਣੇ ਆਦਮੀ ਮਰਵਾ ਕੇ ਪਿਛੇ ਹਟਦੇ ਰਹੇ।

ਜਿਵੇਂ ਬਿਫਰੇ ਹੋਏ ਤੇ ਘੇਰਨੇ ਵਿਚ ਵੜੇ ਸ਼ੇਰ ਨੂੰ ਉਸ ਵਿਚੋਂ ਬਾਹਰ ਕਢਣਾ ਸ਼ਿਕਾਰੀਆਂ ਲਈ ਅਤੀ ਕਠਨ ਹੁੰਦਾ ਹੈ ਅਤੇ ਅੰਦਰ ਵੜ ਕੇ ਉਸ ਨੂੰ ਮਾਰਨਾ ਸ਼ਿਕਾਰੀ ਦੀ ਨਿਸ਼ਚਿਤ ਮੌਤ ਹੁੰਦੀ ਹੈ, ਐਨ ਇਸੇ ਤਰ੍ਹਾਂ ਗੜ੍ਹੀ ਅੰਦਰ ਡਟੇ ਹੋਏ ਸਿੰਘਾਂ ਉਤੇ ਅਬਦੁੱਸਮਦ ਖਾਨ ਨੂੰ ਸਫਲਤਾ ਦੀ ਕੋਈ ਆਸ ਨਾ ਰਹੀ। ਸਿੰਘਾਂ ਦੀ ਗੜ੍ਹੀ ਦੀ ਵਲਗਣ ਤੇ ਇਸ ਦੇ ਦਰਵਾਜ਼ਿਆਂ ਤੱਕ ਪੁਜਣ ਲਈ ਫ਼ੌਜ ਸਾਰਾ ਟਿੱਲ ਲਾ ਕੇ ਥੱਕ ਚੁਕੀ ਸੀ, ਪਰ ਸਾਰੇ ਯਤਨ ਅਕਾਰਥ ਹੋ ਗਏ ਸਨ। ਹੁਣ ਉਨ੍ਹਾਂ ਵਾਸਤੇ ਇਕ ਹੀ ਰਾਹ ਬਾਕੀ ਰਹਿ ਗਿਆ ਸੀ ਕਿ ਜ਼ਮੀਨ ਦੇ ਹੇਠ ਦੀ ਸੁਰੰਗਾਂ ਪੁਟ ਕੇ ਵਲਗਣ ਤੱਕ ਅੱਪੜਿਆ ਜਾਵੇ ਅਤੇ ਬਾਰੂਦ ਨਾਲ ਡੇਗ ਕੇ ਪਾੜਾਂ ਵਿਚ ਦੀ ਹੱਲਾ ਬੋਲਿਆ ਜਾਵੇ। ਅਬਦੁੱਸਮਦ ਖਾਨ ਨੇ ਹੁਕਮ ਦਿਤਾ ਕਿ ਗੜ੍ਹੀ ਦੀਆਂ ਨੁਕਰਾਂ ਦੀ ਸੇਧ ਨੂੰ ਸੁਰੰਗਾਂ ਪੁਟੀਆਂ ਜਾਣ। ਘੇਰਾ ਪਏ ਨੂੰ ਸਾਢੇ ਸੱਤ ਮਹੀਨੇ ਹੋ ਚੁਕੇ ਸਨ। ਬੜੀ ਤੇਜ਼ੀ ਨਾਲ ਸੁਰੰਗਾਂ ਪੁਟੀਆਂ ਗਈਆਂ। ਇਹ ਸੁਰੰਗਾਂ ਅਜੇ ਗੜ੍ਹੀ ਦੇ ਵੱਡੇ ਦਰਵਾਜ਼ੇ ਤਕ ਨਹੀਂ ਸਨ ਅੱਪੜੀਆਂ ਕਿ ਕਮਰੁਦੀਨ ਖਾਨ ਉਸ ਉੱਚੇ ਥਾਂ ਬਣੇ ਮੋਰਚੇ ਉਤੇ ਕਾਬਜ਼ ਹੋ ਗਿਆ ਜਿਥੋਂ ਸਿੰਘ ਗੋਲੀਆਂ ਤੇ ਤੀਰਾਂ ਨਾਲ ਵੈਰੀ ਦਾ ਬਹੁਤਾ ਨੁਕਸਾਨ ਕਰਿਆ ਕਰਦੇ ਸਨ। ਦੂਜੇ ਬੰਨੇ ਜ਼ਕਰੀਆ ਖਾਨ ਗੜ੍ਹੀ ਦੇ ਦੂਸਰੇ ਦਰਵਾਜ਼ੇ ਤਕ ਜਾ ਪਹੁੰਚਿਆ, ਜਿਸ ਨੂੰ ਸਿੰਘ ਵਰਤਿਆ ਕਰਦੇ ਸਨ। ਇਸ ਦੇ ਨਾਲ ਹੀ ਚੁਫੇਰਿਓਂ ਹੀ ਫ਼ੌਜਦਾਰਾਂ ਤੇ ਕਮਾਂਡਰਾਂ ਆਪਣੇ ਮੋਰਚੇ ਅੱਗੇ ਨੂੰ ਵਧਾ ਲਏ। ਦੁਸ਼ਮਣ ਨੂੰ ਕਾਫ਼ੀ ਸਫਲਤਾ ਮਿਲੀ ਤੇ ਉਸ ਨੇ ਸਿੰਘਾਂ ਨੂੰ ਚੁਫੇਰਿਓਂ ਘੁਟ ਜਿਉਂ ਦਿਤਾ। ਪਰ ਏਨੀ ਸਫਲਤਾ ਦੇ ਬਾਵਜੂਦ ਅਬਦੁੱਸਮਦ ਖਾਨ ਨੂੰ ਗੜ੍ਹੀ 'ਤੇ ਹੱਲਾ ਬੋਲਣ ਦਾ ਹੌਸਲਾ ਨਹੀਂ ਸੀ ਪੈ ਰਿਹਾ। ਬੜੀਆਂ ਬੜੀਆਂ ਲੰਮੀਆਂ ਤੇ ਮਜ਼ਬੂਤ ਪੌੜੀਆਂ ਤਾਂ ਜ਼ਰੂਰ ਫ਼ੌਜ ਪਾਸ ਮੌਜੂਦ ਸਨ, ਪਰ ਅੱਗੇ ਹੋ ਕੇ ਕੰਧਾਂ ਨਾਲ ਲਾ ਕੇ ਉਪਰ ਚੜ੍ਹੇ ਕੌਣ? ਕਿਉਂਕਿ ਅੰਦਰ ਮੌਤ ਦਾ ਰੂਪ ਧਾਰੀ ਬੈਠੇ ਸਿੰਘ ਸਨ।

ਹੁਣ ਸੁਣੋ ਜ਼ਰਾ ਅੰਦਰ ਦਾ ਹਾਲ। ਬਾਹਰ ਘੇਰਾ ਇਤਨਾ ਲਾਗੇ ਤੇ ਕਰੜਾ ਹੋ ਗਿਆ ਸੀ ਕਿ ਹੁਣ ਬਾਹਰੋਂ ਕੋਈ ਖਾਣਾ ਦਾਣਾ ਜਾਂ ਘਾਹ ਪੱਠਾ ਲਿਆ ਸਕਣਾ ਬਿਲਕੁਲ ਅਸੰਭਵ ਸੀ। ਅੱਠਾਂ ਮਹੀਨਿਆਂ ਦੇ ਘੇਰੇ ਨੇ ਅੰਦਰ ਜੋ ਕੁਝ ਭੀ ਉਨ੍ਹਾਂ ਪਾਸ ਸੀ, ਸਾਰਾ ਮੁਕਾ ਦਿਤਾ। ਆਦਮੀਆਂ ਤੇ ਪਸ਼ੂਆਂ ਵਾਸਤੇ ਖਾਣ ਲਈ ਕੁਝ ਨਹੀਂ ਸੀ ਰਹਿ ਗਿਆ। ਬਾਰੂਦ ਵੀ ਮੁਕਦਾ ਮੁਕ ਗਿਆ। ਲੰਗਰ ਮਸਤਾਨਾ ਹੋ ਗਿਆ। ਲੱਗੇ ਭੁਖ ਨਾਲ ਨਿਢਾਲ ਹੋ ਹੋ ਸਿੰਘ ਡਿਗਣ। ਭੁਖ ਬੜੀ ਜ਼ਾਲਮ ਹੈ! ਜਿਨ੍ਹਾਂ ਸੂਰਮਿਆਂ ਨੂੰ ਵੈਰੀ ਦੀਆਂ ਤੋਪਾਂ ਬਦੂਕਾਂ ਤੇ ਤੀਰ ਨਹੀਂ ਸਨ ਭੈ-ਭੀਤ ਕਰ ਸਕੇ, ਜੋ ਸਨਮੁਖ ਹੋ ਕੇ ਮੌਤ ਵਲ ਸਿੱਧੇ ਜਾਂਦੇ ਸਨ, ਉਨ੍ਹਾਂ ਨੂੰ ਭੁਖ ਨੇ ਭਨ-ਮਰੋੜ ਕੇ ਰਖ ਦਿਤਾ। ਕਿਹਾ ਜਾਂਦਾ ਹੈ ਕਿ ਉਨ੍ਹਾਂ ਭੁਖ ਦੇ ਦੈਂਤ ਨੂੰ ਸ਼ਾਂਤ ਕਰਨ ਲਈ ਕੰਧਾਂ ਉਤੋਂ ਦੀ ਸ਼ਾਹੀ ਸੈਨਾ ਦਿਆਂ ਬੰਦਿਆਂ ਨਾਲ ਗੱਲਬਾਤ ਕਰਕੇ ਦੋ ਦੋ ਤਿੰਨ ਤਿੰਨ ਰੁਪਏ ਸੇਰ ਅਨਾਜ ਖਰੀਦਣ ਦਾ ਯਤਨ ਕੀਤਾ, ਪਰ ਇਸ ਨਾਲ ਕਿਤੇ ਲੰਗਰ ਚਲ ਸਕਦੇ ਸਨ? ਭੁਖ ਦੇ ਕਾਰਨ ਉਹ ਅਤੀ ਲਾਚਾਰ ਹੋ ਗਏ ਸਨ।

ਇਸੇ ਵੇਲੇ ਬਾਬਾ ਬਿਨੋਦ ਸਿੰਘ[6] ਅਤੇ ਬੰਦਾ ਸਿੰਘ ਵਿਚਕਾਰ ਮਤ-ਭੇਦ ਹੋ ਗਿਆ। ਇੰਜ ਮਾਲੂਮ ਹੁੰਦੈ ਕਿ ਇਹ ਮਤ-ਭੇਦ ਲੜਾਈ ਦੇ ਅਗਲੇ ਪ੍ਰੋਗਰਾਮ ਸੰਬੰਧੀ ਵਿਚਾਰਾਂ ਵਿਚ ਹੋ ਗਿਆ ਸੀ। ਬਾਹਰਲੇ ਘੇਰੇ ਨੂੰ ਵੇਖ ਕੇ ਬਾਬਾ ਬਿਨੋਦ ਸਿੰਘ ਇਹ ਰਾਏ ਦੇ ਰਹੇ ਸਨ ਕਿ ਅਜੇ ਵੀ ਵੇਲਾ ਹੈ ਗੜ੍ਹੀ ਛੱਡ, ਇਕ ਤੇਜ਼ ਹੰਭਲਾ ਮਾਰ ਕੇ, ਦੁਸ਼ਮਣ ਦੀਆਂ ਸਫ਼ਾਂ ਚੀਰ ਕੇ ਨਿਕਲ ਜਾਣਾ ਚਾਹੀਦਾ ਹੈ, ਗੜ੍ਹੀ ਵਿਚ ਰਹਿ ਕੇ ਭੁਖਿਆਂ ਮਰਨ ਨਾਲੋਂ ਦੁਸ਼ਮਣ ਨਾਲ ਟੱਕਰ ਕੇ ਰਾਹ ਸਾਫ਼ ਕਰ ਲੈਣਾ ਚਾਹੀਦਾ ਹੈ। ਅੰਦਰ ਬੈਠ ਕੇ ਦੁਸ਼ਮਣ ਦੇ ਹੱਥ ਆ ਕੇ ਜ਼ਲੀਲ ਹੋ ਕੇ ਮਰਨ ਨਾਲੋਂ ਉਸ ਦੇ ਗੱਲ ਪੈ ਕੇ ਮਰਨਾ ਚੰਗਾ ਹੈ। ਇਹ ਸੰਭਵ ਹੈ ਕਿ ਜੇ ਕੜਕ ਕੇ ਪਈਏ ਤਾਂ ਬਚ ਕੇ ਨਿਕਲ ਜਾਈਏ ਤੇ ਫਿਰ ਵੈਰੀ ਨੂੰ ਦੋਹੀਂ ਦੋਹੀਂ ਹਥੀਂ ਲਈਏ। ਪਰ ਬੰਦਾ ਸਿੰਘ ਇਸ ਵਿਚਾਰ ਦਾ ਧਾਰਨੀ ਸੀ ਕਿ ਸਾਨੂੰ ਅੰਤ ਤਕ ਇਥੇ ਡਟੇ ਰਹਿਣਾ ਚਾਹੀਦਾ ਹੈ। ਗੱਲਾਂ ਗੱਲਾਂ ਵਿੱਚ ਹੀ ਤਲਖ਼ੀ ਵਧ ਗਈ



www.AKJ.Org

ਤੇ ਦੋਹਾਂ ਦੇ ਹੱਥ ਤਲਵਾਰਾਂ ਦੀ ਮੁੱਠ ਤੇ ਚਲੇ ਗਏ। ਗੱਲ ਖ਼ਤਰਨਾਕ ਅੰਤ ਵਲ ਵਧਦੀ ਵੇਖ ਕੇ ਕਾਹਨ ਸਿੰਘ ਆਪਣੇ ਪਿਤਾ ਬਾਬਾ ਬਿਨੋਦ ਸਿੰਘ ਤੇ ਬੰਦਾ ਸਿੰਘ ਵਿਚਕਾਰ ਆਣ ਖੜੋਤਾ ਤੇ ਦੋਹਾਂ ਨੂੰ ਸ਼ਾਂਤ ਰਹਿਣ ਲਈ ਬਿਨੇ ਕੀਤੀ। ਫ਼ੈਸਲਾ ਇਹ ਹੋਇਆ ਕਿ ਜੋ ਗੜ੍ਹੀ ਚੋਂ ਜਾਣਾ ਚਾਹੁੰਦਾ ਹੈ, ਉਹ ਨਿਕਲ ਜਾਏ। ਬਾਬਾ ਬਿਨੋਦ ਸਿੰਘ ਨੇ ਇਹ ਫ਼ੈਸਲਾ ਪਰਵਾਨ ਕਰ ਲਿਆ। ਆਪਣੀ ਘੋੜੀ ਤੇ ਸਵਾਰ ਹੋ ਕੇ ਗੜ੍ਹੀ ਚੋਂ ਬਾਹਰ ਨਿਕਲ ਪਿਆ ਤੇ ਬੜੀ ਤੇਜ਼ੀ ਨਾਲ ਦੁਸ਼ਮਣ ਦੇ ਇਕ ਪਾਸੇ ਤੇ ਜਾ ਪਿਆ ਤੇ ਤਲਵਾਰ ਨਾਲ ਵੈਰੀਆਂ ਨੂੰ ਚੀਰਦਾ ਪਾੜਦਾ ਵੇਖਦਿਆਂ ਵੇਖਦਿਆਂ ਅਲੋਪਹੋ ਗਿਆ। ਕਾਹਨ ਸਿੰਘ ਬਾਕੀ ਸਿੰਘਾਂ ਵਾਂਗ ਬੰਦਾ ਸਿੰਘ ਦੇ ਨਾਲ ਗੜ੍ਹੀ ਵਿਚ ਹੀ ਰਿਹਾ।

[ਚਲਦਾ]

## ਫੁਟ ਨੋਟ ਤੇ ਹਵਾਲੇ

੧. ਨੋਟ : ਖ਼ਾਫ਼ੀ ਖ਼ਾਨ ਲਿਖਦਾ ਹੈ ਕਿ ਜਦ ਅਬਦੁੱਸਮਦ ਖ਼ਾਨ ਦਲੇਰਿ-ਜੰਗ, ਆਪਣੀ ਫੌਜ ਨਾਲ ਗੜ੍ਹੀ ਪਾਸ ਪੁਜਾ ਤਾਂ ਸਿੰਘ ਰੋਹ ਨਾਲ ਭਰੇ ਅੰਦਰੋਂ ਹੁਮ-ਹੁਮਾ ਕੇ ਨਿਕਲੇ ਤੇ ਸ਼ਾਹੀ ਸੈਨਾ ਤੇ ਟੁਟ ਪਏ। ਐਸਾ ਜੰਮ ਕੇ ਟਾਕਰਾ ਕੀਤਾ ਕਿ ਲਗ ਪਗ ਸ਼ਾਹੀ ਸੈਨਾ ਨੂੰ ਭਾਂਜ ਹੀ ਪਾ ਦਿੱਤੀ। ਬਾਦਸ਼ਾਹੀ ਫ਼ੌਜ ਦੇ ਸੂਰਬੀਰਾਂ ਨੇ ਫੇਰ ਪੈਰ ਜਮਾਏ ਤੇ ਐਸੇ ਜੋਸ਼ ਨਾਲ ਲੜੇ ਕਿ ਸਿੰਘਾਂ ਨੂੰ ਧਕ ਕੇ ਮੁੜ ਕਿਲ੍ਹੇ ਵਿਚ ਵਾੜ ਦਿਤਾ। ਇਹ ਗੱਲ ਸਹੀ ਨਹੀਂ ਜਾਪਦੀ। ਮੁਹੰਮਦ ਕਾਸਮ, ਜੋ ਇਸ ਮੁਹਿੰਮ ਵਿਚ ਸ਼ਾਮਲ ਸੀ, ਉਹ ਕੋਈ ਐਸੀ ਗੱਲ ਨਹੀਂ ਲਿਖਦਾ ਕਿ ਫ਼ੌਜ ਦੇ ਜਾਂਦੇ ਸਾਰ ਸਿੰਘ ਆਣ ਪਏ ਹੋਣ। ਉਹ ਜੋ ਕੁਝ ਲਿਖਦਾ ਹੈ, ਉਹ ਕਈ ਕਾਰਨਾਂ ਕਰਕੇ ਠੀਕ ਸਿਧ ਹੁੰਦਾ ਹੈ। ਖਾਫ਼ੀ ਖਾਨ ਵੀ ਸਮਕਾਲੀ ਹੈ, ਪਰ ਉਹ ਇਸ ਮੁਹਿੰਮ ਤੋਂ ਦੂਰ ਦਿਲੀ ਬੈਠਾ ਹੈ ਤੇ ਬਹੁਤ ਸਾਰੀਆਂ ਐਸੀਆਂ ਗੱਲਾਂ, ਜੋ ਦਸਣ ਵਾਲੇ ਵਧਾ ਚੜ੍ਹਾ ਕੇ ਦਸਦੇ ਹਨ, ਉਨ੍ਹਾਂ ਨੂੰ ਦਰੁਸਤ ਹੀ ਪ੍ਰਵਾਨ ਕਰ ਲੈਂਦਾ ਹੈ।

੨. ਮੁਹੰਮਦ ਹਾਦੀ ਕਾਮਵਰ ਖਾਨ—ਤਜ਼ਕਰਾ ਉੱਸਲਾਤੀਨ ਚੁਗਤਾਈਆਂ—ਅ, ਸਫ਼ਾ ੧੭੬.

੩. i ਖ਼ਾਫ਼ੀ ਖ਼ਾਨ—ਮੁੰਨਤਖ਼ਿਬੁ-ਲ-ਲੁਬਾਬ, ਭਾਗ ਦੂਜਾ, ਸਫ਼ਾ ੭੬੨-੬੩.
ii ਯਾਹੀਆ ਖਾਨ, ਤਜ਼ਕਿਰਾਤੁ-ਲ-ਮਲੂਕ, ਇਰਵਿਨ (ਉਲਥਾ-ਅੰਗ੍ਰੇਜ਼ੀ) ਭਾਗ ਪਹਿਲਾ, ਸਫ਼ਾ ੩੧੪.

੪. ਮੁਹੰਮਦ ਕਾਸਿਮ ਲਹੌਰੀ, ਇਬਰਤ ਨਾਮਾ।

੫. ਸ: ਕਰਮ ਸਿੰਘ ਜੀ ਹਿਸਟਰੀਅਨ—ਜੀਵਨ ਬ੍ਰਿਤਾਂਤ ਬੰਦਾ ਸਿੰਘ ਬਹਾਦਰ, ਸਫ਼ਾ ੧੭੫-੭੬.

੬. ਬਾਬਾ ਬਿਨੋਦ ਸਿੰਘ ਦੀ ਰਾਏ ਤੇ ਦਲੀਲ ਵਿਚ ਵਜ਼ਨ ਕੁਝ ਵਧੇਰੇ ਜਾਪਦੈ। ਅੰਦਰ ਟਿਕੇ ਰਹਿਣ ਨਾਲ ਭੁਖ ਦੇ ਹੱਥੋਂ ਇਕ ਦਿਨ ਲਾਜ਼ਮੀ ਸਾਰਿਆਂ ਨਿਢਾਲ ਹੋ ਕੇ ਧਰਤੀ ਤੇ ਡਿਗਣਾ ਸੀ ਤੇ ਵੈਰੀ ਤਾਂ ਇਸੇ ਪਲ ਦੀ ਉਡੀਕ ਵਿਚ ਬਾਹਰ ਘੇਰਾ ਪਾਈ ਬੈਠਾ ਸੀ। ਜਾਪਦੈ ਕਿ ਬਾਬਾ ਜੀ ਨੂੰ ਭਰੋਸਾ ਸੀ ਕਿ ਜੋ ਦੁਸ਼ਮਣ ਇਤਨੀ ਗਿਣਤੀ ਵਿਚ ਹੁੰਦਾ ਹੋਇਆ ਗੜ੍ਹੀ ਸਰ ਨਹੀਂ ਕਰ ਸਕਿਆ, ਉਹ ਉਨ੍ਹਾਂ ਦਾ ਰਾਹ ਰੋਕਣ ਵਿਚ ਵੀ ਸਫਲ ਨਹੀਂ ਹੋ ਸਕਦੈ। ਦੂਜੇ ਪਾਸੇ ਸੰਭਵ ਹੈ ਕਿ ਜੋ ਸਿੰਘ ਗੜ੍ਹੀ ਤੋਂ ਬਾਹਰ ਰਹਿ ਗਏ ਸਨ, ਉਹ ਇਕੱਠੇ ਹੋ, ਆਪਣੀ ਤਾਕਤ ਬਣਾ ਕਿਸੇ ਵੇਲੇ ਬਾਹਰਲੀ ਫ਼ੌਜ ਤੇ ਹੱਲਾ ਕਰਨ ਤੇ ਇਸ ਤਰ੍ਹਾਂ ਇਹ ਮੌਕਾ ਅੰਦਰਲਿਆਂ ਵਾਸਤੇ ਗੜ੍ਹੀ ਛਡ ਕੇ ਨਿਕਲ ਜਾਣ ਵਿਚ ਜ਼ਿਆਦਾ ਢੁਕਵਾਂ ਹੋਵੇ। ਪਰ ਬੰਦਾ ਸਿੰਘ ਤੇ ਦੂਸਰੇ ਸਿੰਘ ਨੂੰ ਕੀ ਖ਼ਬਰ ਸੀ ਕਿ ਬਾਹਰਲੇ ਬਹੁਤ ਸਾਰੇ ਸਿੰਘ ਫ਼ੌਜ ਨੇ ਫੜ ਕੇ ਸ਼ਹੀਦ ਕਰ ਦਿਤੇ ਹਨ। ਫਿਰ ਅੰਦਰਲਿਆਂ ਦਾ ਬਾਹਰਲਿਆਂ ਨਾਲ ਕੋਈ ਤਾਲ-ਮੇਲ ਵੀ ਨਹੀਂ ਸੀ। ਹਾਂ ਇਹ ਗੱਲ ਵਜ਼ਨੋਂ ਖ਼ਾਲੀ ਨਹੀਂ ਕਿ ਜੇ ਦਾਣਾ ਪੱਠਾ ਇਕੱਠਾ ਕਰਨ ਲਈ ਪਿੰਡਾਂ ਵਿਚ ਗਏ ਸਿੰਘ ਇੰਜ ਸਹਿਲੇ ਸ਼ਾਹੀ ਸੈਨਾ ਦੇ ਹੱਥ ਨਾ ਆ ਜਾਂਦੇ ਤਾਂ ਉਹ ਅੰਦਰਲਿਆਂ ਨੂੰ ਕਢਣ ਲਈ ਬਾਹਰੋਂ ਵੈਰੀ ਦੇ ਗੱਲ ਪੈਂਦੇ ਤੇ ਉਸ ਦੀਆਂ ਸਫ਼ਾਂ ਵਿਚ ਭਗਦੜ ਮਚਾ ਕੇ ਆਪਣੇ ਆਗੂ ਤੇ ਨਾਲ ਦੇ ਸਿੰਘਾਂ ਨੂੰ ਬਚਾ ਲੈ ਜਾਣ ਲਈ ਸਿਰ ਧੜ ਦੀ ਬਾਜ਼ੀ ਲਾ ਦੇਂਦੇ। ਬੰਦਾ ਸਿੰਘ ਨੂੰ ਬਾਹਰੋਂ ਕਿਸੇ ਸ਼ਕਤੀ-ਸ਼ਾਲੀ ਸਹਾਇਤਾ ਦੀ ਆਸ ਸੀ, ਨਹੀਂ ਤਾਂ ਐਡਾ ਵੱਡਾ ਤੇ ਹੰਢਿਆ ਜਰਨੈਲ ਆਪਣੇ ਆਪ ਤੇ ਸਿੰਘਾਂ ਨੂੰ ਕੱਟੜ ਵੈਰੀ ਦੇ ਰਹਿਮੋ ਕਰਮ ਤੇ ਨਾ ਛੱਡਦਾ ਤੇ ਦੁਸ਼ਮਣ ਨੂੰ ਏਡੀ ਛੇਤੀ ਤੇ ਸਸਤੀ ਸਫਲਤਾ ਪ੍ਰਾਪਤ ਨਾ ਕਰਨ ਦੇਂਦਾ।



www.AKJ.Org

# ਅਮਰ ਸ਼ਹਾਦਤ

[ਪ੍ਰਿੰਸੀਪਲ ਸੱਜਣ ਸਿੰਘ ਜੀ, 618- ਗੋਬਿੰਦਪੁਰੀ, ਕਾਲਕਾ ਜੀ, ਨਵੀਂ ਦਿਲੀ 19]

ਉਹ ਕਿਹੜਾ ਦਿਹਾੜਾ ਸੀ,
ਅੱਗ ਲਾਵਣ ਵਾਲਾ ਸੀ,
ਜਦ ਅਰਜਨ ਪਿਆਰੇ ਨੂੰ,
ਭਾਨੀ ਦੇ ਤਾਰੇ ਨੂੰ,
ਰੱਬੀ ਅਵਤਾਰੀ ਨੂੰ,
ਸੇਵਾ ਦੇ ਪੁਜਾਰੀ ਨੂੰ,
ਤਪਦੀ ਹੋਈ ਲੋਹ ਉਤੇ
ਰੇਤਾ ਦੀ ਬਾਰਸ਼ ਨਾ*
ਅੱਜ ਸ਼ਹੀਦ ਕਰਾ ਦਿੱਤਾ।
ਜਹਾਂਗੀਰ ਹੱਤਿਆਰੇ ਨੇ,
ਤੁਅੱਸਬ ਦੇ ਮਾਰੇ ਨੇ
ਅਤਿ ਕਹਿਰ ਕਮਾ ਦਿੱਤਾ।

ਗੁਰੂ ਅਰਜਨ ਡਰਦੇ ਨਹੀਂ,
ਜਹਾਂਗੀਰ ਦੀ ਧਮਕੀ ਤੋਂ,
ਚੰਦੂ ਦੀ ਨੀਯਤ ਤੋਂ,
ਮੌਤ ਡਰਾਵੇ ਤੋਂ,
ਨਿਰਭਉ ਨੂੰ ਜਪ ਜਪ ਕੇ
ਨਿਰਭਉ ਹੀ ਹੋ ਗਏ ਨੇ।
ਘਿਉ ਵਾਂਗਰ ਸੁੱਚੇ ਨੇ,
ਰੱਬ ਵਾਂਗਰ ਉੱਚੇ ਨੇ।
ਦੁਨਿਆਵੀ ਲਾਲਚ ਤੋਂ,
ਇਸਲਾਮ ਕਬੂਲਣ ਤੋਂ,
ਗੁਰਬਾਣੀ ਖੰਡਣ ਤੋਂ,
ਗੁਰੂ ਅਰਜਨ ਨਿਆਰਾ ਏ।
ਅੰਧਕਾਰ ਚਿ ਭੁੱਲਿਆਂ ਲਈ
ਇਕ ਚਾਨਣ-ਮੁਨਾਰਾ ਏ।
ਜਿਸ ਮਰਨਾ ਦੱਸ ਦਿੱਤਾ,
ਦੁੱਖ ਜਰਨਾ ਦੱਸ ਦਿੱਤਾ।
ਮਿੱਠਾ ਜਾਂ ਕੌੜਾ ਹੈ,
ਸੱਚ ਕਹਿਣਾ ਦੱਸ ਦਿੱਤਾ।

*ਨਾ = ਨਾਲ

ਜਬਰ, ਵਧੀਕੀ ਨੂੰ,
ਹੱਸ ਸਹਿਣਾ ਦੱਸ ਦਿੱਤਾ।

ਜੇਠ ਮਹੀਨੇ ਦੀ,
ਅੱਤ ਕਹਿਰ ਦੀ ਗਰਮੀ ਨੇ।
ਸੂਰਜ ਦੀ ਤਪਦੀ ਹੋਈ,
ਦੋਪਹਿਰ ਦੀ ਗਰਮੀ ਨੇ।
ਚੱਲਦੀ ਹੋਈ ਲੂ ਦੀ,
ਹਰ ਲਹਿਰ ਦੀ ਗਰਮੀ ਨੇ।
ਪ੍ਰਿਥੀਏ ਦੀ ਚੁਗਲੀ ਦੀ,
ਕੁਛ ਜ਼ਹਿਰ ਦੀ ਗਰਮੀ ਨੇ।
ਭੱਠੀ ਦੀ ਅਗਨੀ ਦੀ,
ਤੜਪਾਂਦੀ ਗਰਮੀ ਨੇ।
ਪਿੰਡੇ ਤੇ ਰੇਤਾ ਦੀ,
ਝੁਲਸਾਂਦੀ ਗਰਮੀ ਨੇ।
ਚੰਦੂ ਹੰਕਾਰੀ ਦੇ,
ਹੰਕਾਰ ਦੇ ਸਾੜੇ ਨੇ।
ਜਹਾਂਗੀਰ ਦੇ ਗੁੱਸੇ ਦੇ,
ਭਖਦੇ ਚੰਗਿਆੜੇ ਨੇ।
ਪਿਆਰ ਦੀ ਮੂਰਤ ਤੇ,
ਰੂਹਾਨੀ ਸੂਰਤ ਤੇ,
ਉਹ ਜ਼ੁਲਮ ਕਮਾਏ ਨੇ,
ਕਿ ਤੱਕ ਕੇ ਦੁਨੀਆ ਦੇ
ਪਾਪੀ ਸ਼ਰਮਾਏ ਨੇ।

ਮੀਆਂ ਮੀਰ ਜਿਹੇ ਸਾਈਂ ਦਾ;
ਦ੍ਰਿਸ਼ ਭਿਆਨਕ ਤੱਕ ਤੱਕ ਕੇ,
ਦਿਲ ਤੜਪ ਰਿਹਾ ਸੀ,
ਮਨ ਕਲਪ ਰਿਹਾ ਸੀ।
ਛਮ ਛਮ ਅੱਖਾਂ ਚੋਂ,
ਜਲ ਵਹਿੰਦਾ ਜਾਂਦਾ ਸੀ।
ਰੋ ਰੋ ਕੇ ਸਤਿਗੁਰ ਨੂੰ



www.AKJ.Org

ਇਉਂ ਕਹਿੰਦਾ ਜਾਂਦਾ ਸੀ :
"ਅਗਨੀ ਦੇ ਬਿਸਤਰ ਤੇ,
ਮੇਰੇ ਅੱਲਾ ! ਮੁਸਕਾਉਣਾ ਸੀ ?
ਮਤਲਬ ਬ੍ਰਹਮ ਗਿਆਨੀ ਦਾ,
ਸਾਨੂੰ ਇੰਜ ਸਮਝਾਉਣਾ ਸੀ ?
ਤੇਰੀ ਧੰਨ ਕੁਰਬਾਨੀ ਹੈ,
ਜੱਗ ਵਿਚ ਲਸਾਨੀ ਹੈ,
ਜਿਹਦੇ ਮੁੱਖ ਤੇ ਨੂਰ ਦਿੱਸੇ।
ਮਾਨੋ ਕੋਹਿ ਤੂਰ ਦਿੱਸੇ।

ਮੀਆਂ ਮੀਰ ਨੂੰ ਧੀਰਜ ਦੇਹਿ,
ਗੁਰੂ ਅਰਜਨ ਕਹਿੰਦੇ ਨੇ :
ਜੋ ਰੱਬ ਦੇ ਆਸ਼ਕ ਹਨ,
ਉਹ ਦੁੱਖ ਮੁਸੀਬਤ ਵਿੱਚ
ਕਦੇ ਸ਼ਿਕਵਾ ਕਰਦੇ ਨਹੀਂ,
ਸਗੋਂ ਉਸ ਦੇ ਭਾਣੇ ਵਿਚ
ਹੀ ਰਾਜ਼ੀ ਰਹਿੰਦੇ ਨੇ।
ਸਤਿਗੁਰ ਦੀ ਕਿਰਪਾ ਨੇ,
ਭ੍ਰਮ ਭੰਗੇ ਖੋਏ ਨੇ।
ਅਸੀਂ ਉਸ ਦੇ ਬਣ ਗਏ ਹਾਂ,
ਉਹ ਸਾਡੇ ਹੋਏ ਨੇ।

ਦੁੱਖ ਸੁੱਖ ਵਿਆਪਤ ਨਹੀਂ,
ਖੇੜੇ ਤੇ ਵਿਗਾਸਾਂ ਚਿ।
ਉਹ ਮਰਨਾ ਜਾਣੇ ਨਾ,
ਸਾਨੂੰ ਡਰਨਾ ਆਉਂਦਾ ਨਹੀਂ।
ਨਹੀਂ ਉਸ ਦਾ ਨਾਸ਼ ਹੁੰਦਾ,
ਸਾਨੂੰ ਕੜ੍ਹਨਾ ਆਉਂਦਾ ਨਹੀਂ।

ਉਹ ਬੇਮੁਹਤਾਜ ਬੜਾ,
ਸਾਨੂੰ ਭੁੱਖ ਨ ਕੋਈ ਹੈ।
ਦੁੱਖ ਉਸ ਨੂੰ ਲੱਗਦਾ ਨਹੀਂ,
ਸਾਨੂੰ ਦੁੱਖ ਨ ਕੋਈ ਹੈ।
ਜਹਾਂਗੀਰ ਦੀ ਤਾਕਤ ਕੀ,
ਕਿ ਸਾਨੂੰ ਮਾਰ ਸਕੇ ?
ਸਦ-ਜੀਵਣ ਅਮਰ ਸਦਾ,
ਜੋ ਆਪਾ ਵਾਰ ਸਕੇ।
ਵੱਗਦਾ ਹੋਇਆ ਪਾਣੀ ਵੀ,
ਰਾਵੀ ਦਾ ਰੁਕ ਸਕਦਾ।
ਜਹਾਂਗੀਰ ਵੀ ਸੱਜਣ ਬਣ
ਚਰਨਾਂ ਤੇ ਝੁੱਕ ਸਕਦਾ।
ਅਗਨੀ ਵੀ ਬਲਣੇ ਤੋਂ,
ਇਨਕਾਰੀ ਹੋ ਸਕਦੀ।
ਇਹ ਲੋਹ ਵੀ ਸੇਜਾ ਜਿਉਂ,
ਸ਼ਿੰਗਾਰੀ ਹੋ ਸਕਦੀ।
ਰੇਤਾ ਵੀ ਫੁੱਲਾਂ ਚਿ,
ਬਦਲਾਈ ਜਾ ਸਕਦੀ।
ਲਾਹੌਰ ਦੀ ਇੱਟ ਨਾ* ਇੱਟ
ਖੜਕਾਈ ਜਾ ਸਕਦੀ।
ਕਰਾਮਾਤ ਦਿਖਾਉਣੀ ਨਹੀਂ,
ਨਸ਼ਾ ਨਾਮ-ਖੁਮਾਰੀ ਦਾ।
ਭਗਤਾਂ ਨੂੰ ਸ਼ੋਭਦਾ ਨਹੀਂ,
ਇਹ ਕੰਮ ਮਦਾਰੀ ਦਾ।
ਅਸੀਂ ਜੋ ਕਿਛ ਲਿਖਿਆ ਹੈ,
ਉਹ ਕਰ ਕੇ ਵਿਖਾਣਾ ਏ।
ਕਥਨੀ ਦਾ ਕਰਨੀ ਵਿਚ
ਅਨੁਵਾਦ ਕਰਾਣਾ ਏ।

---

**ਪਾਠਕ ਜੀ—**(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਤੇ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

(੨)ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।
(੩) ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।
(੪) ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।
(੫)ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।



www.AKJ.Org

# ਚਲਾਣਾ ਅਤੇ ਭਾਣਾ

[ਪ੍ਰਿੰਸਪਲ ਕੁਲਦੀਪ ਸਿੰਘ ਜੀ ਹਉਰਾਂ, 162–ਹਾਊਸਿੰਗ ਬੋਰਡ ਕਾਲੋਨੀ, ਅੰਮ੍ਰਿਤਸਰ]

ਜੰਮਣਾ ਤੇ ਮਰਨਾ ਦੋ ਅਜਿਹੀਆਂ ਕਿਰਿਆਵਾਂ ਹਨ, ਜਿਨ੍ਹਾਂ ਦਾ ਅਸਰ ਹਰ ਪ੍ਰਾਣੀ ਮਾਤਰ ਤੇ ਹੁੰਦਾ ਹੈ। ਪਰੰਤੂ ਸੁਆਦਲੀ ਗੱਲ ਇਹ ਹੈ, ਜਿੱਥੇ ਜੰਮਣ ਤੇ ਖੁਸ਼ੀ ਹੁੰਦੀ ਹੈ, ਉਥੇ ਮੌਤ ਤੇ ਸੋਗ ਹੁੰਦਾ ਹੈ। ਆਖ਼ਰ ਇਹ ਅੰਤਰ ਕਿਉਂ ? ਕਿਉਂ ਅਸੀਂ ਬੱਚੇ ਦੇ ਜਨਮ ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਾਂ ਤੇ ਬੁੱਢੇ ਦੀ ਮੌਤ ਤੇ ਵੀ ਅਖੌਤੀ ਸੋਗ ਕੀਤਾ ਜਾਂਦਾ ਹੈ।

ਸਾਨੂੰ ਕੁਝ ਖੁੱਸਣ ਤੋਂ ਦੁਖ ਹੁੰਦਾ ਹੈ ਤੇ ਮਿਲਣ ਤੇ ਖੁਸ਼ੀ। ਹਰ ਮਨੁੱਖ ਨੂੰ ਸਭ ਕੁਝ ਉਸਦੀ ਮਰਜ਼ੀ ਮੁਤਾਬਿਕ ਵਾਪਰਨ ਵਿਚ ਖੁਸ਼ੀ ਹੁੰਦੀ ਹੈ ਤੇ ਜਦੋਂ ਉਸ ਦੀ ਮਰਜ਼ੀ ਜਾਂ ਚਾਹ ਦੇ ਵਿਰੁੱਧ ਕੁਝ ਵਾਪਰ ਜਾਏ, ਤਾਂ ਉਸ ਦੀ ਮਾਨਸਿਕ ਅਵਸਥਾ ਇਕ-ਸੁਰ ਨਹੀਂ ਰਹਿੰਦੀ, ਇਸੇ ਕਰਕੇ ਮਨੁੱਖ ਓਦੋਂ ਦੁਖੀ ਹੁੰਦਾ ਹੈ ਜਦੋਂ ਇਹ ਭੁੱਲ ਜਾਂਦਾ ਹੈ ਕਿ–

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥੨੦॥ (ਵਾਰ ਆਸਾ, ੪੭੪)

ਮੌਤ ਇਕ ਡਰਾਉਣੀ, ਭੇਦਾਇਕ ਤੇ ਦੁਖੀ ਕਰਨ ਵਾਲੀ ਕਿਰਿਆ ਹੈ। ਪਰ ਇਹ ਉਨ੍ਹਾਂ ਲੋਕਾਂ ਲਈ, ਜੋ ਅਗਿਆਨਤਾ-ਵਸ ਭੁਲ ਕੇ ਇਹ ਸਮਝੀ ਬੈਠੇ ਹਨ ਕਿ ਇਹ ਸੰਸਾਰ ਹੀ ਉਨ੍ਹਾਂ ਦਾ ਸਥਾਈ ਸਥਾਨ ਹੈ। ਇਥੋਂ ਜਾਣ ਲਗਿਆਂ ਉਨ੍ਹਾਂ ਦੇ ਦਿਲ ਨੂੰ ਹੌਲ ਪੈਂਦਾ ਹੈ, ਘਬਰਾਹਟ ਹੁੰਦੀ ਹੈ ਤੇ ਇਥੇ ਰਹਿਣ ਲਈ ਤਰਲੇ ਲੇਂਦੇ ਤੇ ਅੱਡੀਆਂ ਰਗੜਦੇ ਹਨ। ਪਰ ਜਿਨ੍ਹਾਂ ਨੂੰ ਇਹ ਸਮਝ ਆ ਜਾਂਦੀ ਹੈ ਕਿ ਜਿੰਦ ਵਹੁਟੀ ਨੂੰ 'ਮਰਣੁ-ਵਰੁ' ਨੇ ਪ੍ਰਣਾ ਕੇ ਲੈ ਹੀ ਜਾਣਾ ਹੈ, ਉਹ ਸਦਾ ਮੌਤ ਨੂੰ ਚੇਤੇ ਰਖਦੇ ਹਨ ਅਤੇ ਇਸ ਵਿਚੋਂ ਵੀ ਖ਼ੁਸ਼ੀ ਪ੍ਰਾਪਤ ਕਰਦੇ ਹਨ। ਫਰੀਦ ਜੀ ਦਾ ਕਥਨ ਹੈ :

ਜਿਤੁ ਦਿਹਾੜੈ ਧਨ ਵਰੀ, ਸਾਹੇ ਲਏ ਲਿਖਾਇ ॥ ਮਲਕੁ ਜਿ ਕੰਨੀ ਸੁਣੀਦਾਂ, ਮੁਹੁ ਦੇਖਾਲੇ ਆਇ ॥
ਜਿੰਦੁ ਨਿਮਾਣੀ ਕਢੀਐ, ਹਡਾ ਕੂ ਕੜਕਾਇ ॥ ਸਾਹੇ ਲਿਖੇ ਨ ਚਲਨੀ, ਜਿੰਦੂ ਕੂੰ ਸਮਝਾਇ ॥
ਜਿੰਦੁ ਵਹੁਟੀ ਮਰਣੁ ਵਰੁ, ਲੈ ਜਾਸੀ ਪਰਣਾਇ ॥...੧॥ (ਪੰਨਾ ੧੩੭੭)

ਫਰੀਦ ਜੀ ਨੇ ਥਾਂ-ਪਰ-ਥਾਂ ਆਪਣੇ ਸਲੋਕਾਂ ਵਿਚ ਮੌਤ ਦਾ ਜ਼ਿਕਰ ਕੀਤਾ ਹੈ। ਇਸ ਗੱਲ ਤੋਂ ਕਈ ਚਿੰਤਕਾਂ ਦਾ ਵਿਚਾਰ ਬਣ ਗਿਆ ਹੈ ਕਿ ਫਰੀਦ ਜੀ ਨਿਰਾਸ਼ਾਵਾਦੀ ਸਨ ਤੇ ਉਹ ਸਦਾ ਮੌਤ ਤੋਂ ਡਰਦੇ ਹੀ ਰਹੇ। ਪਰ ਗੱਲ ਇਸ ਦੇ ਐਨ ਉਲਟ ਹੈ। ਜੋ ਲੋਕ ਮੌਤ ਨੂੰ ਯਾਦ ਰਖਦੇ ਹਨ, ਉਹ ਉਸ ਤੋਂ ਡਰਦੇ ਨਹੀਂ, ਸਗੋਂ ਉਹ ਤਾਂ ਚੋਲਾ ਬਦਲਣ ਸਮਾਨ ਇਸ ਨੂੰ ਇਕ ਕੁਦਰਤੀ ਕਿਰਿਆ ਸਮਝਦੇ ਹਨ। ਜਦੋਂ ਫਰੀਦ ਜੀ ਇਹ ਕਹਿੰਦੇ ਹਨ ਕਿ–

ਦੇਖੁ ਫਰੀਦਾ ਜੁ ਥੀਆਂ, ਦਾੜੀ ਹੋਈ ਭੂਰ ॥ ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥੯॥
ਜਾਂ– ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥ ਜੇ ਸਉ ਵਰ੍ਹਿਆ ਜੀਵਣਾ, ਭੀ ਤਨੁ ਹੋਸੀ ਖੇਹ ॥੪੧॥
ਜਾਂ– ਫਰੀਦਾ ਮੰਡਪ ਮਾਲੁ ਨ ਲਾਇ, ਮਰਗ ਸਤਾਣੀ ਚਿਤਿ ਧਰਿ ॥
ਸਾਈ ਜਾਇ ਸਮਾਲਿ, ਜਿਥੈ ਹੀ ਤਉ ਵੰਞਣਾ ॥੫੮॥
ਜਾਂ– ਫਰੀਦਾ ਕਿਥੈ ਤੈਡੇ ਮਾਪਿਆ, ਜਿਨੀ ਤੂ ਜਣਿਓਹਿ ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥੭੩॥
ਅਤੇ– ਫਰੀਦਾ ਗੋਰ ਨਿਮਾਣੀ ਸਡੁ ਕਰੇ, ਨਿਘਰਿਆ ਘਰਿ ਆਉ ॥
ਸਰਪਰ ਮੈਥੈ ਆਵਣਾ, ਮਰਣਹੁ ਨ ਡਰੀਆਹੁ ॥੯੩॥ (ਪੰਨਾ ੧੩੭੯ ਤੋਂ ੮੨)

ਤਾਂ ਉਹ ਮੌਤ ਤੋਂ ਡਰ ਨਹੀਂ ਰਹੇ ਹੁੰਦੇ, ਸਗੋਂ ਉਹਨਾਂ ਨੂੰ ਸਵਾਸ ਸਵਾਸ ਮੌਤ ਯਾਦ ਹੁੰਦੀ ਹੈ। ਜੋ ਮੌਤ



www.AKJ.Org

ਨੂੰ ਯਾਦ ਰਖਦੇ ਹਨ, ਉਹ ਇਸ ਦੁਨੀਆ ਦੇ ਮੋਹ-ਮਾਇਆ ਵਿਚ ਖੱਚਤ ਨਹੀਂ ਹੁੰਦੇ। ਮੌਤ ਇਕ ਅਟੱਲ ਸਚਾਈ ਹੈ, ਜੋ ਟਾਲੀ ਨਹੀਂ ਜਾ ਸਕਦੀ। ਇਸ ਲਈ ਜਿਨ੍ਹਾਂ ਨੂੰ ਇਸ ਗੱਲ ਦਾ ਗਿਆਨ ਹੋ ਜਾਂਦਾ ਹੈ, ਉਹ ਜਨਮ ਤੇ ਮਰਨ ਵਿਚ ਕੋਈ ਵੱਡਾ ਅੰਤਰ ਨਹੀਂ ਸਮਝਦੇ। ਕਬੀਰ ਸਾਹਿਬ ਵਰਗੇ ਮਹਾਂਪੁਰਸ਼ ਮੌਤ ਵਿਚੋਂ ਵੀ ਅਨੰਦ ਲੈਂਦੇ ਹਨ :

ਕਬੀਰ ਮੁਹਿ ਮਰਨੇ ਕਾ ਚਾਉ ਹੈ, ਮਰਉ ਤ ਹਰਿ ਕੈ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ, ਪਰਾ ਹਮਾਰੈ ਬਾਰ ॥੬੧॥ (ਪੰਨਾ ੧੩੬੭)

ਪਰ ਸ਼ਰਤ ਹੈ ਮਰਾਂ ਵੀ ਹਰੀ ਦੇ ਦੁਆਰੇ, ਤੇ ਇਸ ਤਰ੍ਹਾਂ ਸ਼ਾਇਦ ਉਹ ਪੁਛ ਲਵੇ ਕਿ ਇਹ ਕੌਣ ਹੈ ? ਤੇ ਇਉਂ ਹੀ ਮੇਰੀ ਕਲਿਆਨ ਹੋ ਜਾਵੇ। ਕਬੀਰ ਜੀ ਨੂੰ ਤਾਂ ਮੌਤ ਵਿਚੋਂ ਪੂਰਨ ਪਰਮਾਨੰਦ ਦੀ ਪ੍ਰਾਪਤੀ ਦਿਸਦੀ ਹੈ, ਤਾਂ ਹੀ ਕਹਿੰਦੇ ਹਨ :

ਕਬੀਰ ਜਿਸੁ ਮਰਨੇ ਤੇ ਜਗੁ ਡਰੈ, ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥ (ਸਲੋਕ ਕਬੀਰ ਜੀ, ਪੰਨਾ ੧੩੬੫)

ਭਗਤ ਕਬੀਰ ਜੀ ਵਰਗਿਆਂ ਨੂੰ ਤਾਂ ਇਸ ਮੌਤ ਵਿਚੋਂ ਵੀ ਅਸਲੀਅਤ ਲਭ ਪੈਂਦੀ ਹੈ, ਕਿਉਂਕਿ ਗੁਰੂ ਦਾ ਉਪਦੇਸ਼ ਇਸ ਗੱਲ ਦੀ ਸੋਝੀ ਕਰਾ ਦੇਂਦਾ ਹੈ। ਪਰ ਆਮ ਲੋਕਾਂ ਵਾਸਤੇ ਇਹੋ ਮੌਤ ਸਹਿਮ ਤੇ ਤਰਾਸ ਦਾ ਕਾਰਨ ਬਣੀ ਹੋਈ ਹੈ। ਕਬੀਰ ਸਾਹਿਬ ਦਾ ਹੀ ਕਥਨ ਹੈ :

ਜਿਹ ਮਰਨੈ ਸਭੁ ਜਗਤੁ ਤਰਾਸਿਆ ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥੧॥੨੦॥ (ਪੰ: ੩੨੭)

ਭਗਤ ਰਵਿਦਾਸ ਜੀ ਵੀ ਇਸ ਗੱਲ ਵਿਚ ਵਿਸ਼ਵਾਸ ਰੱਖਦੇ ਹਨ ਕਿ—

ਜੋ ਦਿਨ ਆਵਹਿ ਸੋ ਦਿਨ ਜਾਹੀ ॥ ਕਰਨਾ ਕੂਚੁ ਰਹਨੁ ਥਿਰੁ ਨਾਹੀ ॥
ਅਤੇ— ਸੰਗੁ ਚਲਤ ਹੈ ਹਮ ਭੀ ਚਲਨਾ ॥ ਦੂਰਿ ਗਵਨੁ ਸਿਰ ਊਪਰਿ ਮਰਨਾ ॥੧॥
ਕਿਆ ਤੂ ਸੋਇਆ ਜਾਗੁ ਇਆਨਾ ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥੧॥ਰਹਾਉ॥
(ਪੰਨਾ ੭੯੩-੯੪)

ਗੁਰਬਾਣੀ ਤੇ ਭਗਤ-ਬਾਣੀ ਵਿਚ ਥਾਂ-ਪਰ-ਥਾਂ ਐਸੇ ਪ੍ਰਮਾਣ ਮਿਲਦੇ ਹਨ ਜਿਨ੍ਹਾਂ ਰਾਹੀਂ ਮਨੁੱਖ ਨੂੰ ਮੌਤ ਦੀ ਯਾਦ ਕਰਵਾਈ ਗਈ ਹੈ। ਪਰੰਤੂ, ਗੁਰਮਤਿ ਅਨੁਸਾਰ ਮੌਤ ਨੂੰ ਡਰਾਉਣਾ, ਭੈਦਾਇਕ ਤੇ ਦੁਖਦਾਈ ਨਹੀਂ ਦਰਸਾਇਆ ਗਿਆ। ਸਗੋਂ ਮਰਨ ਤੇ ਮ੍ਰਿਤਕ ਸੰਸਕਾਰ ਨੂੰ ਚਲਾਣਾ ਕਰਨਾ ਆਖਿਆ ਗਿਆ ਹੈ। ਜਿਸ ਮੰਜ਼ਲ ਦੀ ਪ੍ਰਾਪਤੀ ਲਈ ਪ੍ਰਾਣੀ ਇਹ ਜੀਵਨ-ਯਾਤਰਾ ਕਰਦਾ ਹੈ, ਮੌਤ ਉਸ ਦੀ ਸਿਖਰ ਹੈ, ਜਦੋਂ ਉਹ ਉਸ ਅਕਾਲ ਪੁਰਖ ਨਾਲ ਜਾ ਅਭੇਦ ਹੋਵੇਗਾ ਜਿਸ ਤੋਂ ਵਿਛੜ ਕੇ ਉਹ ਆਇਆ ਸੀ। ਇਸੇ ਲਈ ਬ੍ਰਹਮ ਗਿਆਨੀ ਤੇ ਸੂਰਮੇ ਮੌਤ ਨੂੰ ਮਖ਼ੌਲਾਂ ਕਰਦੇ ਤੇ ਹੱਸ ਹੱਸ ਜੱਫੀਆਂ ਪਾਉਂਦੇ ਹਨ। ਉਹ ਮੌਤ ਨੂੰ ਖੇਡ ਸਮਝਦੇ ਤੇ ਇਸ 'ਚੋਂ ਅਨੰਦ ਮਾਣਦੇ ਹਨ। ਪਰ ਅਜਿਹਾ ਉਹ ਪਰਮ ਮਨੁੱਖ ਹੀ ਕਰਦੇ ਹਨ ਜਿਨ੍ਹਾਂ ਨੂੰ ਇਸ ਦੀ ਸੋਝੀ ਹੋ ਗਈ ਹੈ, ਨਹੀਂ ਤਾਂ ਆਮ ਲੋਕ ਤਾਂ ਗੁਰੂ ਨਾਨਕ ਸਾਹਿਬ ਦੇ ਕਥਨ ਅਨੁਸਾਰ ਮਰਨਾ ਚਾਹੁੰਦੇ ਹੀ ਨਹੀਂ—

ਬਹੁਤਾ ਜੀਵਣੁ ਮੰਗੀਐ ਮੁਆ ਨ ਲੋੜੈ ਕੋਇ ॥੬॥੧੫॥ (ਪੰਨਾ ੬੩)

ਕਿਸੇ ਦਾ ਜੀਵਨ ਵੀ ਸਦਾ ਲਈ ਸਥਿਰ ਨਹੀਂ ਹੈ। ਜੋ ਜੰਮਿਆ ਉਸ ਅਵੱਸ਼ ਮਰਨਾ ਹੈ। ਕੋਈ ਚਾਰ ਦਿਨ ਵਧ ਜੀਅ ਲਏਗਾ ਕੋਈ ਘੱਟ। ਗੁਰੂ ਰਾਮਦਾਸ ਜੀ ਦਾ ਇਸੇ ਲਈ ਉਪਦੇਸ਼ ਹੈ—

ਹਰਿ ਜਪਦਿਆ ਖਿਨੁ ਢਿਲ ਨ ਕੀਜਈ, ਮੇਰੀ ਜਿੰਦੁੜੀਏ,
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥੨॥੫॥ (ਬਿਹਾਗੜਾ ਮ: ੪--੫੪੦)

ਗੁਰੂ ਤੇਗ ਬਹਾਦਰ ਸਾਹਿਬ ਵੀ ਇਸ ਦੀ ਪੁਸ਼ਟੀ ਕਰਦਿਆਂ ਦੱਸਦੇ ਹਨ ਕਿ ਇਹ ਸੰਸਾਰ ਤਾਂ ਸੁਪਨੇ ਨਿਆਈਂ ਹੈ। ਇਥੇ ਸੱਚੇ ਨਾਮ ਤੋਂ ਬਿਨਾ ਸਭ ਕੁਝ ਬਿਨਸ ਜਾਣ ਵਾਲਾ ਹੈ। ਇਹ ਮਾਇਆ ਦੇ ਸੁਖ ਰੇਤ ਦੀ



www.AKJ.Org

ਕੰਧ ਵਾਂਗ ਨਾਸ਼ਵੰਤ ਹਨ। ਜੋ ਜੰਮਿਆ ਹੈ ਉਹ ਮਰੇਗਾ ਅਵੱਸ਼ ਹੀ। ਤਾਂ ਤੇ ਹੇ ਮਨੁੱਖ! ਹੋਰ ਸਭ ਜੰਜਾਲ ਛੱਡ ਤੇ ਹਰੀ ਭਜਨ ਕਰ :

ਜੋ ਉਪਜਿਓ ਸੋ ਬਿਨਸਿ ਹੈ, ਪਰੋ ਆਜੁ ਕੈ ਕਾਲਿ ॥
ਨਾਨਕ ਹਰਿ ਗੁਨ ਗਾਇ ਲੇ, ਛਾਡਿ ਸਗਲ ਜੰਜਾਲ ॥੫੨॥ (ਪੰਨਾ ੧੪੨੮-੨੯)

ਅਤੇ—ਰੇ ਨਰ ਇਹ ਸਾਚੀ ਜੀਅ ਧਾਰਿ ॥
ਸਗਲ ਜਗਤੁ ਹੈ ਜੈਸੇ ਸੁਪਨਾ, ਬਿਨਸਤ ਲਗਤ ਨ ਬਾਰ ॥੧॥ਰਹਾਉ॥
ਬਾਰੂ ਭੀਤਿ ਬਨਾਈ ਰਚਿ ਪਚਿ, ਰਹਤ ਨਹੀ ਦਿਨ ਚਾਰਿ ॥
ਤੈਸੇ ਹੀ ਇਹ ਸੁਖ ਮਾਇਆ ਕੇ, ਉਰਝਿਓ ਕਹਾ ਗਵਾਰ ॥੧॥
ਅਜਹੂ ਸਮਝਿ ਕਛੁ ਬਿਗਰਿਓ ਨਾਹਿਨ, ਭਜਿ ਲੇ ਨਾਮੁ ਮੁਰਾਰਿ ॥
ਕਹੁ ਨਾਨਕ ਨਿਜ ਮਤਿ ਸਾਧਨ ਕਉ, ਭਾਖਿਓ ਤੋਹਿ ਪੁਕਾਰਿ ॥੨॥੮॥ (ਸੋਰਠਿ, ਪੰ: ੬੩੬)

ਜਬ ਮਰਨਾ ਅਵੱਸ਼ ਹੈ ਤਾਂ ਮਨੁੱਖ ਨੂੰ ਸੰਸਾਰ ਵਿਚ ਅਜਿਹੇ ਢੰਗ ਨਾਲ ਰਹਿਣਾ ਚਾਹੀਦਾ ਹੈ ਕਿ ਜਦੋਂ ਹੁਕਮ ਅਨੁਸਾਰ ਸੱਦਾ ਆ ਜਾਵੇ ਤਾਂ ਸਾਕ-ਸੰਬੰਧੀ ਇਸ ਨੂੰ 'ਹੁਕਮ' ਤੇ 'ਭਾਣਾ' ਸਮਝ ਕੇ ਰਜ਼ਾ ਵਿਚ ਰਾਜ਼ੀ ਰਹਿਣ, ਨਾ ਕਿ ਰੋਣ, ਸਿਆਪਾ ਕਰਨ ਤੇ ਹੋਰ ਅਜਿਹੇ ਕਰਮ ਕਰ ਕੇ ਆਪ ਵੀ ਦੁਖੀ ਹੋਣ ਤੇ ਦੂਸਰਿਆਂ ਨੂੰ ਵੀ ਦੁਖੀ ਕਰਨ! ਇਸੇ ਲਈ ਗੁਰਮਤਿ ਅਨੁਸਾਰ ਰੋਣਾ, ਸਿਆਪਾ ਕਰਨਾ, ਪ੍ਰੇਤ-ਕਿਰਿਆ ਆਦਿ ਪਾਖੰਡ ਕਰਮ ਵਿਵਰਜਤ ਹਨ। ਗੁਰਸਿੱਖਾਂ ਵਾਸਤੇ ਵਾਹਿਗੁਰੂ ਦੇ ਭਾਣੇ ਅੰਦਰ ਪ੍ਰਸੰਨ ਰਹਿਣਾ ਤੇ ਧੀਰਜ ਨਾਲ ਸੰਬੰਧੀ ਦਾ ਵਿਜੋਗ ਸਹਾਰਨਾ ਹੁਕਮ ਹੈ। ਰੋਣ ਤੇ ਸਿਆਪਾ ਕਰਨ ਵਾਲਿਆਂ ਦੀ ਕਰੜੀ ਆਲੋਚਨਾ ਕੀਤੀ ਗਈ ਹੈ। ਆਸਾ ਰਾਗ ਵਿਚ ਸਤਿਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

ਓਹੀ ਓਹੀ ਕਿਆ ਕਰਹੁ, ਹੈ ਹੋਸੀ ਸੋਈ ॥ ਤੁਮ੍ ਰੋਵਹੁਗੇ ਓਸ ਨੋ, ਤੁਮ ਕਉ ਕਉਣੁ ਰੋਈ ॥੩॥
ਧੰਧਾ ਪਿਟਿਹੁ ਭਾਈਹੋ, ਤੁਮ੍ ਕੂੜੁ ਕਮਾਵਹੁ ॥ ਓਹੁ ਨ ਸੁਣਈ ਕਤ ਹੀ, ਤੁਮ੍ ਲੋਕ ਸੁਣਾਵਹੁ ॥੪॥੧੩॥
(ਪੰਨਾ ੪੧੮)

ਜਦੋਂ ਸਭਨਾਂ ਨੇ ਚਲਾਣਾ ਕਰਨਾ ਹੀ ਹੈ ਤਾਂ ਜੀਵਨ ਵਿਚ ਆਪਣੇ ਸਾਹਿਬ ਦਾ ਸਿਮਰਨ ਕਰੋ :

ਸਾਹਿਬੁ ਸਿਮਰਹੁ ਮੇਰੇ ਭਾਈਹੋ, ਸਭਨਾ ਏਹੁ ਪਇਆਣਾ ॥
ਏਥੈ ਧੰਧਾ ਕੂੜਾ ਚਾਰਿ ਦਿਹਾ, ਆਗੈ ਸਰਪਰ ਜਾਣਾ ॥
ਆਗੈ ਸਰਪਰ ਜਾਣਾ ਜਿਉ ਮਿਹਮਾਣਾ, ਕਾਹੇ ਗਾਰਬੁ ਕੀਜੈ ॥
ਜਿਤੁ ਸੇਵਿਐ ਦਰਗਹ ਸੁਖੁ ਪਾਈਐ, ਨਾਮੁ ਤਿਸੈ ਕਾ ਲੀਜੈ ॥੨॥੧॥(ਵਡਹੰਸੁ ਮ: ੧, ਪੰ: ੫੭੯)

ਮਿਰਤਕ ਸਰੀਰ ਦੇ ਸਸਕਾਰ ਕਰਨ ਤੋਂ ਪਹਿਲਾਂ ਕਈ ਬਿਬਾਨ ਆਦਿ ਬਣਾ ਕੇ ਮਿਰਤਕ ਦੇਹ ਨੂੰ ਸ਼ਿੰਗਾਰਦੇ ਹਨ। ਗੁਰਮਤਿ ਅਨੁਸਾਰ ਇਹ ਕਰਮ ਵੀ ਵਾਧੂ ਤੇ ਫ਼ਜ਼ੂਲ ਹੈ। ਸਸਕਾਰ ਤੋਂ ਪਿਛੋਂ ਮਿਰਤਕ ਦੇਹ ਨੂੰ ਤਿਲਾਂਜਲੀ ਦੇਣ ਲਈ ਸਾਕ-ਸੰਬੰਧੀ ਤ੍ਰਿਨਕੇ ਤੋੜ ਕੇ ਸੁਟਦੇ ਤੇ ਹੋਰ ਕਈ ਤਰ੍ਹਾਂ ਦੇ ਉਸ਼ਟੰਡ ਕਰਦੇ ਹਨ। ਸਤਿਗੁਰੂ ਇਹੋ ਜਿਹੀਆਂ ਰਸਮਾਂ ਦੀ ਘੋਰ ਨਿੰਦਾ ਕਰਦੇ ਹਨ।

ਗੁਰੂ ਨਾਨਕ ਸਾਹਿਬ ਦਾ ਕਥਨ ਹੈ, ਕਰਤਾਰ ਦਾ ਸੱਚਾ ਨਾਮ ਜਪਣਾ ਹੀ ਮੇਰੇ ਵਾਸਤੇ ਪਿੰਡ ਪਤਲ ਅਤੇ ਦੀਵਾ ਆਦਿਕ ਕਿਰਿਆਵਾਂ ਹਨ :

ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥
ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥੨॥ (ਆਸਾ ਮ: ੧, ਪੰਨਾ ੩੫੮)

ਅਤੇ— ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥
ਉਨਿ ਚਾਨਣਿ ਓਹੁ ਸੋਖਿਆ, ਚੂਕਾ ਜਮ ਸਿਉ ਮੇਲੁ ॥੧॥ (ਆਸਾ ਮਹਲਾ ੧, ਪੰਨਾ ੩੫੮)


www.AKJ.Org

ਮਰੇ ਹੋਏ ਪਿੱਤਰਾਂ ਨਮਿਤ ਕਈ ਲੋਕ ਅੰਨ ਬਸਤਰ ਤੇ ਭਾਂਡੇ ਆਦਿਕ ਸਾਮੱਗਰੀ ਦਿੰਦੇ ਅਤੇ ਬਾਅਦ ਵਿਚ ਸਾਲ ਦੇ ਸਾਲ ਸਰਾਧ ਕਰਦੇ ਹਨ ਤੇ ਸਮਝਦੇ ਹਨ ਕਿ ਇਸ ਤਰ੍ਹਾਂ ਨਾਲ ਪਿੱਤਰ ਤ੍ਰਿਪਤ ਹੋ ਜਾਂਦੇ ਹਨ। ਕਬੀਰ ਸਾਹਿਬ ਕਿਤਨੇ ਵਿਅੰਗਮਈ ਢੰਗ ਨਾਲ ਅਜਿਹੇ ਵਿਅਕਤੀਆਂ ਤੇ ਚੋਟ ਕਰਦੇ ਹੋਏ ਕਹਿੰਦੇ ਹਨ :—

ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ, ਕਊਆ ਕੂਕਰ ਖਾਹੀ ॥੧॥...
ਮਾਟੀ ਕੇ ਕਰਿ ਦੇਵੀ ਦੇਵਾ, ਤਿਸੁ ਆਗੈ ਜੀਉ ਦੇਹੀ ॥
ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ ॥੨॥੪੫॥ (ਗਉੜੀ ਬੈਰਾਗਣਿ—੩੩੨)

ਗੁਰੂ ਸਾਹਿਬ ਦਾ ਵੀ ਕਥਨ ਹੈ ਕਿ ਜੀਵ ਨੂੰ ਅਗਲੇ ਜਨਮ ਉਹੋ ਕੁਝ ਮਿਲਣਾ ਹੈ ਜੋ ਉਸ ਨੇ ਆਪ ਘਾਲ ਕਮਾਈ ਕਰ ਕੇ ਦਿਤਾ ਹੋਵੇਗਾ :

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥੧੭॥ (ਵਾਰ ਆਸਾ—੪੭੨)

ਇਸੇ ਲਈ ਅਜਿਹੇ ਸਮੇਂ ਰੋਣ, ਪਿੱਟਣ ਤੇ ਹੋਰ ਵਿਖਾਵੇ ਦੀਆਂ ਰਸਮਾਂ ਕਰਨ ਨਾਲੋਂ ਭਾਣਾ ਮੰਨਣਾ ਤੇ ਰਜ਼ਾ ਵਿਚ ਰਹਿਣਾ ਗੁਰਮਤਿ ਦੇ ਅਨੁਕੂਲ ਹੈ। ਹੁਕਮ ਹੈ ਕਿ ਸੁਖ ਦੁੱਖ ਵਿਚ ਭਲਾ ਕਰ ਕੇ ਮੰਨੇ ਅਤੇ ਉਸਦੀ ਯਾਦ ਵਿਚ ਮਗਨ ਰਹੇ :

ਮਨ ਕੀ ਮਤਿ ਤਿਆਗਹੁ ਹਰਿ ਜਨ, ਹੁਕਮੁ ਬੂਝਿ ਸੁਖੁ ਪਾਈਐ ਰੇ ॥
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ, ਸੁਖਿ ਦੁਖਿ ਓਹੀ ਧਿਆਈਐ ਰੇ ॥੧॥੧੩੭॥ (ਪੰ: ੨੦੯)

ਸਭ ਸੁਖ ਇਸੇ ਗੱਲ ਵਿਚ ਹਨ ਕਿ ਉਸ ਵਾਹਿਗੁਰੂ ਦੀ ਰਜ਼ਾ ਨੂੰ ਅਮਰ ਮੰਨ ਕੇ, ਉਸ ਦੇ ਭਾਣੇ ਨੂੰ ਭਲਾ ਕਰ ਕੇ ਮੰਨਿਆ ਜਾਵੇ। ਗੁਰੂ ਸਾਹਿਬ ਦਾ ਕਥਨ ਹੈ :

ਜੋ ਤੁਧੁ ਭਾਵੈ ਸੋ ਭਲਾ ਪਿਆਰੇ, ਤੇਰੀ ਅਮਰੁ ਰਜਾਇ ॥੭॥ (ਪੰਨਾ ੪੩੨)

ਗੁਰੂ ਅਮਰਦਾਸ ਜੀ ਨੇ ਆਪਣੇ ਅੰਤ ਸਮੇਂ ਸਿੱਖਾਂ ਨੂੰ ਭਾਣਾ ਮੰਨਣ ਅਤੇ ਰਜ਼ਾ ਵਿਚ ਰਹਿਣ ਦੀ ਸਿਖਿਆ ਦਿੰਦਿਆਂ ਉਪਦੇਸ਼ ਦਿੱਤਾ ਕਿ—ਮੇਰੇ ਪਿਛੋਂ ਨਿਰਬਾਣ ਕੀਰਤਨ ਕਰਿਓ, ਵਾਹਿਗੁਰੂ ਗੋਪਾਲ ਦੇ ਸੇਵਕਾਂ-ਗੁਰਸਿੱਖਾਂ ਦਾ ਜੋੜ-ਮੇਲਾ ਕਰਿਓ। ਓਦੋਂ ਹਰਿ-ਨਾਮ ਦੀ ਕਥਾ ਕਰਨੀ ਤੇ ਸੁਣਨੀ ਹੈ। ਮੇਰਾ ਪਿੰਡ, ਪਤਲ, ਕਿਰਿਆ, ਬਬਾਣ, ਫੁੱਲ ਆਦਿ ਸਭ ਕੁਝ ਹਰੀ ਨਾਮ ਹੀ ਹੋਵੇ। ਰਾਮਕਲੀ ਸੱਦ ਵਿਚ ਫੁਰਮਾਉਂਦੇ ਹਨ :

ਅੰਤੇ ਸਤਿਗੁਰੁ ਬੋਲਿਆ, ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥
ਕੇਸੋ ਗੋਪਾਲ ਪੰਡਿਤ ਸਦਿਅਹੁ, ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥
ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ, ਬੇਬਾਣੁ ਹਰਿ ਰੰਗੁ ਗੁਰ ਭਾਵਏ ॥
ਪਿੰਡੁ ਪਤਲਿ ਕਿਰਿਆ ਦੀਵਾ, ਫੁਲ ਹਰਿ ਸਰਿ ਪਾਵਏ ॥੫॥ (ਪੰਨਾ ੯੨੩)

ਗੁਰਮਤਿ ਅਨੁਸਾਰ, ਇਕ ਗੱਲ ਦੀ ਤਾੜਨਾ ਗੁਰਬਾਣੀ ਵਿਚ ਕੀਤੀ ਗਈ ਹੈ ਕਿ ਜੀਵ ਜਿਹੋ ਜਿਹੇ ਸੰਸਕਾਰਾਂ ਵਿਚ ਜੀਵਨ ਭਰ ਵਿਚਰਦਾ ਹੈ ਉਹੋ ਜਿਹੇ ਸੰਸਕਾਰ ਅੰਤ ਵੇਲੇ ਉਸ ਦੇ ਸਾਹਮਣੇ ਆਉਂਦੇ ਹਨ, ਅਤੇ ਜਿਹੋ ਜਿਹੇ ਸੰਸਕਾਰਾਂ ਵਿਚ ਕੋਈ ਪ੍ਰਾਣੀ ਸੁਆਸ ਛਡੇਗਾ ਉਹੋ ਜਿਹਾ ਹੀ ਉਸ ਨੂੰ ਜਨਮ ਧਾਰਨ ਕਰਨਾ ਪਵੇਗਾ। ਪਰ ਜੇ ਜੀਵ ਦੀ ਸੁਰਤੀ ਅੰਤ ਵੇਲੇ ਵਾਹਿਗੁਰੂ ਦੇ ਚਰਨਾਂ ਵਿਚ ਲੱਗੀ ਹੋਵੇਗੀ ਤਾਂ ਭਉਜਲ-ਸੰਸਾਰ ਨੂੰ ਤਰ ਕੇ ਵਾਹਿਗੁਰੂ ਨਾਲ ਇਕ-ਮਿਕ ਹੋ ਜਾਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਪ੍ਰਥਾਇ ਭਗਤ ਤ੍ਰਿਲੋਚਨ ਜੀ ਦਾ ਫ਼ੁਰਮਾਨ ਹੈ :

ਅੰਤਿ ਕਾਲਿ ਜੋ ਲਛਮੀ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ ॥ ਸਰਪ ਜੋਨਿ ਵਲਿ ਵਲਿ ਅਉਤਰੈ ॥੧॥
ਅਰੀ ਬਾਈ, ਗੋਬਿੰਦ ਨਾਮੁ ਮਤਿ ਬੀਸਰੈ ॥ਰਹਾਉ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ ॥ ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥


www.AKJ.Org

ਅੰਤਿ ਕਾਲਿ ਜੋ ਲੜਿਕੇ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ ॥ ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥
ਅੰਤਿ ਕਾਲਿ ਜੋ ਮੰਦਰ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ ॥ ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥
ਅੰਤਿ ਕਾਲਿ ਨਾਰਾਇਣੁ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ ॥
ਬਦਤਿ ਤਿਲੋਚਨੁ ਤੇ ਨਰ ਮੁਕਤਾ, ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥ (ਪੰਨਾ ੫੨੬)

ਉਪਰੋਕਤ ਤਾੜਨਾ ਦੇ ਸਾਹਮਣੇ ਇਸ ਗੱਲ ਨੂੰ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਜਦ ਕਿਸੇ ਪ੍ਰਾਣੀ ਦਾ ਅੰਤ ਸਮਾਂ ਹੋਵੇ ਤਾਂ ਉਸ ਦੀ ਸੁਰਤੀ ਨੂੰ ਮੋਹ-ਮਾਇਆ ਤੋਂ ਹਟਾ ਕੇ ਪ੍ਰਭੂ-ਚਰਨਾਂ ਵਿਚ ਜੋੜਿਆ ਜਾਵੇ। ਐਸਾ ਮਾਹੌਲ ਉਸ ਦੇ ਆਲੇ-ਦੁਆਲੇ ਬਣਾਇਆ ਜਾਵੇ ਕਿ ਉਸ ਦੇ ਖਿਆਲ ਸਭ ਪਾਸਿਓਂ ਹਟ ਕੇ ਇਕ ਨੁਕਤੇ ਤੇ ਕੇਂਦ੍ਰਤ ਹੋ ਜਾਣ।

ਚਲਾਣੇ ਉਪਰੰਤ ਗੁਰੂ ਅਮਰਦਾਸ ਜੀ ਦੇ ਅੰਤ ਸਮੇਂ ਦੇ ਉਪਦੇਸ਼ ਅਨੁਸਾਰ ਸਾਧ ਸੰਗਤ ਦੇ ਜੋੜ ਮੇਲੇ ਅਤੇ ਨਿਰਬਾਣ ਕੀਰਤਨ ਕਰਨੇ ਪ੍ਰਾਣੀ ਲਈ ਸਹਾਇਕ ਹਨ। ਪ੍ਰਾਣੀ ਦੇ ਭਲੇ ਦੀ ਅਰਦਾਸ ਲਈ ਕਈ ਸ਼ਬਦ ਗੁਰਬਾਣੀ ਵਿਚੋਂ ਮਿਲਦੇ ਹਨ :

—ਗਣਤੀ ਗਣੀ ਨਾ ਛੂਟੈ ਕਤਹੂ, ਕਾਚੀ ਦੇਹ ਇਆਣੀ ॥
ਕ੍ਰਿਪਾ ਕਰਹੁ ਪ੍ਰਭ ਕਰਣੈਹਾਰੈ, ਤੇਰੀ ਬਖਸ ਨਿਰਾਲੀ ॥੨॥੫੩॥ (ਸੂਹੀ ਮਹਲਾ ੫–੭੪੮)
—ਕਰਹੁ ਕ੍ਰਿਪਾ ਪ੍ਰਭ ਕਰਨੈਹਾਰੇ ॥ ਮੇਲਿ ਲੇਹੁ ਨਾਨਕ ਬੇਚਾਰੇ ॥੩੯॥ (ਪੰਨਾ ੨੫੮)
—ਆਏ ਅਨਿਕ ਜਨਮ ਭ੍ਰਮਿ ਸਰਣੀ ॥
ਉਧਰੁ ਦੇਹ ਅੰਧ ਕੂਪ ਤੇ, ਲਾਵਹੁ ਅਪੁਨੀ ਚਰਣੀ ॥੧॥ਰਹਾਉ॥੧੨॥ (ਪੰਨਾ ੭੦੨)
—ਸਮਰਥ ਅਗਥ ਅਪਾਰ ਨਿਰਮਲ, ਸੁਣਹੁ ਸੁਆਮੀ ਬਿਨਉ ਏਹੁ ॥
ਕਰ ਜੋੜਿ ਨਾਨਕ ਦਾਨੁ ਮਾਗੈ, ਜਨਮ ਮਰਣ ਨਿਵਾਰਿ ਲੇਹੁ ॥੧॥ (ਪੰਨਾ ੪੫੭-੫੮)

ਇਸ ਤਰ੍ਹਾਂ ਅਰਦਾਸ ਕਰਦੇ ਹੋਏ ਪ੍ਰਾਣੀ ਲਈ ਗੁਰਬਾਣੀ ਰਾਹੀਂ ਇਉਂ ਅਸੀਸੜੀਆਂ ਦਿੱਤੀਆਂ ਹਨ :
—ਦੇਹੁ ਸਜਣ ਅਸੀਸੜੀਆ, ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥ (ਸੋਹਿਲਾ, ਪੰਨਾ ੧੨)
—ਬਾਬਾ ਆਵਹੁ ਭਾਈਹੋ ਗਲਿ ਮਿਲਹ, ਮਿਲਿ ਮਿਲਿ ਦੇਹ ਆਸੀਸਾ ਹੇ ॥
ਬਾਬਾ ਸਚੜਾ ਮੇਲੁ ਨ ਚੁਕਈ, ਪ੍ਰੀਤਮ ਕੀਆ ਦੇਹ ਅਸੀਸਾ ਹੇ ॥੨॥੫॥ (ਪੰਨਾ ੫੮੨)

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

**ਜੀਵਨ ਚਰਿੱਤਰ** ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ) ੧੦-੦੦

| | | | |
|---|---|---|---|
| **ਪੂਰਬ ਜਨਮ** ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | ੧-੦੦ |
| **ਕੇਸਕੀ** (ਦਸਤਾਰ) | ੧-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੧-੫੦ |
| **ਖਾਲਸਾ** ਰਹਿਤ ਮਰਯਾਦਾ (ਟਰੈਕਟ) | ੩-੫੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੧-੦੦ |
| **ਗੁਰਸਿਖ** ਰਹਿਣੀ (ਪ੍ਰੋ: ਅਮਰਜੀਤ ਕੌਰ) | ੧-੫੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੭੫ |
| **ਤਉ ਕਉ** ਮੁਰਗੀ ਮਾਰੇ (ਤਲਵਾੜਾ ਜੀ) | ੧-੫੦ | ਗੁਰਮਤਿ ਅਨਹਦ ਸ਼ਬਦ ,, | ੦-੭੫ |
| **HAIR—A Divine Gift** | 0-40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੭੫ |
| **Dawn of Divine wisdom** | 0-75 | ਸ਼ਬਦ ਗੁਰੂ —ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੫੦ |
| **ਲੜੀਦਾਰ** ਸਰੂਪ —ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਜਬ ਲਗ ਖਾਲਸਾ ਰਹੈ ਨਿਆਰਾ ,, | ੦-੭੫ |
| **ਗੁਰਬਾਣੀ** ਰਹਿਤਨਾਮਾ | ੧-੫੦ | ਖਾਲਸਾ ਜੀ ਦਾ ਗੁਰਮਤਿ ਆਦੇਸ਼ | ੦-੭੫ |
| **ਸ੍ਰੀ ਭਗਉਤੀ** ਪ੍ਰਬੋਧ (ਚੋਣਵੇਂ ਵਿਦਵਾਨਾਂ ਦੇ ਲੇਖ) | ੨-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੧-੫੦ |





www.AKJ.Org

# ਭਾਈ ਮਨਸੁਖ

[ਗਿਆਨੀ ਹਰਿਬੰਸ ਸਿੰਘ ਜੀ, ਪਟਿਆਲਾ]

ਗੁਰੂ ਨਾਨਕ ਦੇਵ ਜੀ ਦਾ ਸਿਖ ਮਨਸੁਖ ਇਕ ਵੱਡਾ ਵਪਾਰੀ ਸੀ। ਵਪਾਰ ਵਾਸਤੇ ਦੂਰ ਦੇਸਾਂ ਵਿਚ ਜਾਂਦਾ ਸੀ। ਇਕ ਵੇਰ ਮਨਸੁਖ ਸੰਗਲਾਦੀਪ (ਲੰਕਾ) ਵਿਚ ਪਹੁੰਚ ਗਿਆ। ਉਥੋਂ ਦੇ ਰਾਜ ਵਿਚ ਸ਼ਿਵ ਭਗਤੀ ਦਾ ਜ਼ੋਰ ਸੀ। ਪਰ ਇਸ ਗੁਰਸਿੱਖ ਨੇ ਉਥੇ ਜਾ ਕੇ ਰਾਜੇ ਦੀ ਪਾਈ ਪਿਰਤ ਅਨੁਸਾਰ ਵਰਤ ਆਦਿਕ ਨਾ ਰਖੇ। ਪੰਡਿਤ ਨੇ ਰਾਜੇ ਪਾਸ ਸ਼ਿਕਾਇਤ ਕੀਤੀ ਤਾਂ ਰਾਜੇ ਨੇ ਭਾਈ ਮਨਸੁਖ ਨੂੰ ਆਪਣੇ ਦਰਬਾਰ ਵਿਚ ਸਦਿਆ ਅਤੇ ਪੁਛਿਆ, "ਹੇ ਭਾਈ! ਤੂੰ ਵਰਤ ਕਿਉਂ ਨਹੀਂ ਰਖਦਾ ?" ਮਨਸੁਖ ਨੇ ਜਵਾਬ ਦਿੱਤਾ, "ਜਿਸ ਸੁੱਖ ਵਾਸਤੇ ਵਰਤ ਰਖੇ ਜਾਂਦੇ ਹਨ, ਉਹ ਸੁੱਖ ਮੈਨੂੰ ਪ੍ਰਾਪਤ ਹੋ ਚੁੱਕਾ ਹੈ।" ਰਾਜੇ ਨੇ ਪੁਛਿਆ, ਕਿ ਕਿਹੜੇ ਸੁੱਖ ਵਾਸਤੇ ਵਰਤ ਰਖੀਦੇ ਹਨ ? ਮਨਸੁਖ ਨੇ ਕਿਹਾ ਕਿ ਸ਼ਾਂਤੀ ਵਾਸਤੇ। ਰਾਜੇ ਇਹ ਪੁਛਿਆ ਕਿ ਕੀ ਤੈਨੂੰ ਮਨ ਦੀ ਸ਼ਾਂਤੀ ਪ੍ਰਾਪਤ ਹੋ ਗਈ ਹੈ ? ਤਾਂ ਮਨਸੁਖ ਨੇ 'ਹਾਂ' ਵਿਚ ਉੱਤਰ ਦਿੱਤਾ।

ਇਸ ਵਾਰਤਾਲਾਪ ਤੋਂ ਬਾਅਦ ਰਾਜੇ ਨੇ ਕਿਹਾ, ਮੈਂ ਤੇਰਾ "ਨਿਤਨੇਮ ਵੇਖਣਾ ਚਾਹੁੰਦਾ ਹਾਂ, ਇਸ ਵਾਸਤੇ ਤੇਰਾ ਉਤਾਰਾ ਮੇਰੇ ਮਹਲ ਦੇ ਸਾਹਮਣੇ ਹੋਵੇਗਾ।" ਮਨਸੁਖ ਇਸ ਗੱਲ ਨਾਲ ਸਹਿਮਤ ਹੋ ਗਿਆ। ਮਨਸੁਖ ਨੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕੀਤਾ। ਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹਨੀ, ਸਾਰਾ ਦਿਨ 'ਵਾਹਿਗੁਰੂ ਵਾਹਿਗੁਰੂ' ਕਰਦਿਆਂ ਕਿਰਤ ਵਿਰਤ ਕਰਨੀ, ਫਿਰ ਸ਼ਾਮ ਨੂੰ ਸੰਧਿਆ ਕਰਨੀ, ਥੋੜਾ ਖਾਣਾ, ਥੋੜਾ ਸੌਣਾ, ਥੋੜਾ ਬੋਲਣਾ, ਬਾਣੀ ਦਾ ਪਾਠ ਕਰਕੇ ਸੌਂ ਜਾਣਾ ਅਤੇ ਅੰਮ੍ਰਿਤ ਵੇਲੇ ਛੇਤੀ ਉਠਣਾ, ਇਸ ਜੀਵਨ-ਆਦਰਸ਼ ਨੂੰ ਅਪਣਾਇਆ ਹੋਇਆ ਸੀ। ਮਨਸੁਖ ਦਾ ਨਿਤਨੇਮ ਵੇਖ ਕੇ ਰਾਜਾ ਸ਼ਿਵਨਾਭ ਬੜਾ ਪ੍ਰਭਾਵਿਤ ਹੋਇਆ ਅਤੇ ਕਹਿਣ ਲੱਗਾ, "ਹੇ ਭਾਈ! ਮੈਨੂੰ ਭੀ ਉਸ ਮਹਾਤਮਾ ਪਾਸ ਲੈ ਚਲੋ ਅਤੇ ਦਰਸ਼ਨ ਕਰਾਉ।" ਤਾਂ ਮਨਸੁਖ ਨੇ ਕਿਹਾ, "ਹੇ ਰਾਜਨ! ਤੁਸੀਂ ਗੁਰੂ ਬਾਬਾ ਜੀ ਦੀ ਬਾਣੀ ਪੜ੍ਹੋ, ਅਰਦਾਸ ਕਰੋ, ਉਹ ਆਪ ਹੀ ਤੁਹਾਨੂੰ ਦਰਸ਼ਨ ਦੇਣਗੇ। ਉਹ ਅੰਤਰਜਾਮੀ ਹਨ। ਭੁੱਲੇ-ਭਟਕੇ ਜੀਆਂ ਨੂੰ ਤਾਰਨ ਵਾਸਤੇ ਨਵ ਖੰਡ ਪ੍ਰਿਥਵੀ ਦਾ ਚੱਕਰ ਲਾ ਰਹੇ ਹਨ।"

ਮਨਸੁਖ ਉਪ੍ਰੋਕਤ ਬਚਨ ਕਰ ਕੇ ਚਲਾ ਗਿਆ, ਪਰ ਰਾਜੇ ਨੂੰ ਵੈਰਾਗ ਲਾ ਗਿਆ। ਰਾਜੇ ਨੇ ਹਰ ਰੋਜ਼ ਬੇਨਤੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਹਰ ਵਕਤ ਰਾਜੇ ਤੇ ਰਾਣੀ ਨੇ ਅਰਦਾਸਾਂ ਕਰਨੀਆਂ, "ਹੇ ਗੁਰੂ ਨਾਨਕ ਦੇਵ ਜੀ! ਆਪਣਾ ਨੂਰੀ ਦਰਸ਼ਨ ਬਖ਼ਸ਼ ਕੇ ਸਾਡਾ ਜਨਮ ਸਫਲ ਕਰੋ ਜੀ।"

ਰਾਜੇ ਨੇ ਇਕ ਬਾਗ ਲਗਵਾਇਆ ਅਤੇ ਉਸ ਦੀ ਦੇਖ ਭਾਲ ਲਈ ਮਾਲੀ ਦੀ ਸੇਵਾ ਭੀ ਲਾ ਦਿਤੀ। ਰਾਜੇ ਦੀ ਵੈਰਾਗ ਵਾਲੀ ਬ੍ਰਿਤੀ ਸੁਣ ਕੇ ਕਈ ਪਾਖੰਡੀ ਸਾਧੂਆਂ ਨੇ ਰਾਜੇ ਪਾਸ ਆਉਣਾ ਸ਼ੁਰੂ ਕਰ ਦਿੱਤਾ। ਪਹਿਲੀ ਵਾਰ ਰਾਜਾ ਸ਼ਰਧਾ ਨਾਲ ਉਥੇ ਗਿਆ। ਜਦੋਂ ਦਰਸ਼ਨ ਕੀਤੇ ਤਾਂ ਇਹ ਗੱਲ ਯਾਦ ਆਈ ਕਿ ਮਨਸੁਖ ਤਾਂ ਕਹਿੰਦਾ ਸੀ ਕਿ "ਉਹ ਗ੍ਰਿਹਸਤੀ ਹਨ, ਪਰ ਇਹ ਤਾਂ ਅਤੀਤ ਬੈਰਾਗੀ ਹਨ।" ਰਾਜੇ ਨੇ ਹਰ ਆਉਣ ਵਾਲੇ ਸਾਧੂ ਦੀ ਪ੍ਰੀਖਿਆ ਲੈਣੀ ਸ਼ੁਰੂ ਕਰ ਦਿੱਤੀ। ਬਹੁਤੀ ਆਵਾਜਾਈ ਕਾਰਨ ਬਾਗ ਦੀ ਬੇ-ਪਰਵਾਹੀ ਸ਼ੁਰੂ ਹੋ ਗਈ। ਬਾਗ ਵੀਰਾਨ ਹੋ ਗਿਆ, ਪਰ ਰਾਜੇ ਦਾ ਪ੍ਰੇਮ ਵਧਦਾ ਹੀ ਗਿਆ।

ਜਗਤ ਦੇ ਤਾਰਕ ਗੁਰੂ ਨਾਨਕ ਦੇਵ ਜੀ ਇਕ ਦਿਨ ਉਥੇ ਪਹੁੰਚ ਹੀ ਗਏ, ਪਰ ਰਾਜੇ ਨੂੰ ਯਕੀਨ ਨਾ ਆਇਆ। ਉਸ ਨੇ ਪਰਖ ਲਈ ਸ਼ਾਹੀ ਨਾਚੀਆਂ ਭੇਜੀਆਂ। ਉਨ੍ਹਾਂ ਨੇ ਕਈ ਕਿਸਮ ਦੀ ਭੇਟਾ ਸਤਿਗੁਰੂ ਜੀ ਦੇ ਸਾਹਮਣੇ ਰਖੀ ਅਤੇ ਨੱਚਣ ਲਗ ਪਈਆਂ। ਗੁਰੂ ਬਾਬਾ ਜੀ ਨੇ ਬੜੇ ਪਿਆਰ ਨਾਲ ਕਿਹਾ—"ਗਾਛਹੁ ਪੁਤ੍ਰੀ ਰਾਜ ਕੁਆਰਿ ॥ ਨਾਮੁ ਭਣਹੁ ਸਚੁ ਦੋਤੁ ਸਵਾਰਿ ॥" (ਪੰਨਾ ੧੧੮੭)। ਇਹ ਸ਼ਬਦ ਸੁਣ ਕੇ ਉਹਨਾਂ ਸੁੰਦਰੀਆਂ ਦੇ ਮਨ ਸ਼ਾਂਤ ਹੋ ਗਏ। ਸਤਿਗੁਰੂ ਜੀ ਦੀ ਚਰਨੀਂ ਲਗ ਕੇ ਓਹ 'ਗੁਰੂ ਗੁਰੂ' ਜਪਣ ਲਗ ਪਈਆਂ।



www.AKJ.Org

ਉਹਨਾ ਰਾਜੇ ਨੂੰ ਜਾ ਦਸਿਆ ਕਿ ਬਾਗ ਵਿਚ ਜੋ ਸਾਧੂ ਆਏ ਹਨ ਉਹ ਮਹਾਂ ਪੁਰਖ ਹਨ। ਰਾਜਾ ਤੇ ਰਾਣੀ ਮੋਤੀਆਂ ਦੇ ਥਾਲ ਭੇਟਾ ਲੈ ਕੇ ਸਤਿਗੁਰੂ ਜੀ ਦੇ ਹਜ਼ੂਰ ਪੁਜ ਕੇ ਆ ਨਮਸਕਾਰ ਕੀਤੀ। ਗੁਰੂ ਜੀ ਨੇ ਮੋਤੀਆਂ ਦੇ ਥਾਲ ਮੋੜਦਿਆਂ ਕਿਹਾ ਕਿ "ਇਸ ਭੇਟਾ ਨਾਲ ਇਕ ਧਰਮਸਾਲ ਬਣਵਾਓ, ਅ ਏ ਗਏ ਸੰਤ ਸਾਧ ਗਰੀਬ ਗੁਰਬੇ ਦੀ ਸੇਵਾ ਕਰੋ। ਅਸੀਂ ਤੁਹਾਡੇ ਨਗਰ ਵਿਚ ਆਵਾਂਗੇ।" ਇਸ ਤਰ੍ਹਾਂ ਰਾਜਾ ਤੇ ਰਾਣੀ ਗੁਰੂ ਜੀ ਦੇ ਸਿੱਖ ਬਣੇ, ਦਰਸ਼ਨ ਦੀ ਦਾਤਿ ਮੰਗੀ ਅਤੇ ਕਿਹਾ ਕਿ ਸਤਿਗੁਰੂ ਜੀ ਹਮੇਸ਼ਾ ਏਥੇ ਰਹੋ। ਗੁਰੂ ਜੀ ਨੇ ਕਿਹਾ ਕਿ ਸਰੀਰ ਬਿਨਸਨਹਾਰ ਹੈ, ਸਦਾ ਸ਼ਬਦ ਵਿਚ ਮਨ ਜੋੜ ਕੇ ਰਖੋ। ਉਪਦੇਸ਼ ਕੀਤਾ ਕਿ ਰੱਬੀ ਬਾਣੀ ਦਾ ਪਾਠ ਕਰਨਾ ਅਤੇ ਉਸ ਉਤੇ ਤੁਰਨਾ ਹੀ ਸਾਡੇ ਅਸਲੀ ਦਰਸ਼ਨ ਹਨ। ਰਾਜੇ ਦੇ ਮਨ ਉਤੇ ਗੁਰੂ ਜੀ ਦੇ ਉਪਦੇਸ਼ ਨਾਲ ਨਾਮ ਦਾ ਰੰਗ ਚੜ੍ਹ ਗਿਆ। ਉਸ ਨੇ ਧਰਮਸਾਲ ਬਣਵਾਈ ਅਤੇ ਆਏ ਗਏ ਮਨੁੱਖਾਂ ਲਈ ਲੰਗਰ ਚਾਲੂ ਕਰ ਦਿੱਤਾ। ਹਜ਼ਾਰਾਂ ਲੋਕ ਧਰਮਸਾਲ ਵਿਚ ਬਾਣੀ ਸੁਣਨ ਆਉਣ ਲਗ ਪਏ। ਕਰਮਕਾਡਾਂ ਨੂੰ ਛਡ ਕੇ 'ਗੁਰੂ ਗੁਰੂ' ਜਪਣ ਲਗ ਪਏ। ਅਰਦਾਸ ਦੀ ਬਰਕਤ ਨਾਲ ਇਤਨਾ ਵਡਾ ਪਰਿਵਰਤਨ ਹੋਇਆ ਕਿ ਸਾਰੇ ਲੰਕਾ ਵਾਸੀ ਗੁਰੂ ਘਰ ਦੇ ਅਨੁਯਾਈ ਸਿਖ ਬਣ ਗਏ।

---

## ਹਿਰਦੇ-ਵੇਧਕ ਸੂਚਨਾ

ਕੋਹਿਨੂਰ ਬੁਕ ਡਿਪੋ ਦਿਲੀ—ਜਲੰਧਰ ਵਲੋਂ ਨਵੀਨ ਪੰਜਾਬੀ, ਭਾਗ ੪, ਪਾਠ-ਪੁਸਤਕ ਛਾਪੀ ਗਈ ਹੈ, ਜਿਸ ਵਿਚ ਸਿਖ ਸਤਿਗੁਰਾਂ ਅਤੇ ਸਿਖ ਸ਼ਹੀਦਾਂ ਦੇ ਚਿਤਰ ਹਿੰਦੂ ਰੰਗਤ ਦੇ ਕੇ ਛਾਪੇ ਗਏ ਹਨ। ਭਾਈ ਦਇਆਲਾ ਜੀ ਅਤੇ ਭਾਈ ਮਤੀ ਦਾਸ ਜੀ ਦੇ ਗਲ ਜਨੇਊ ਪਾਇਆ ਚਿਤਰਿਆ ਗਿਆ ਹੈ, ਉਨ੍ਹਾਂ ਦੇ ਮੱਥੇ ਤੇ ਟਿੱਕਾ ਦਿਖਾਇਆ ਗਿਆ ਹੈ, ਕੇਸ ਪਿਛੇ ਖਿਲਰੇ ਵਿਖਾਏ ਗਏ ਹਨ ਅਤੇ ਉਨ੍ਹਾਂ ਦਾ ਚਿਹਰਾ ਦਾੜ੍ਹਾ-ਹੀਨ ਦਿਖਾਇਆ ਗਿਆ ਹੈ। ਬਾਲ ਗੁਰੂ ਗੋਬਿੰਦ ਸਿੰਘ ਜੀ ਦੇ ਕੇਸ ਦਸਤਾਰ ਵਿਚੋਂ ਗਿਚੀ ਲਾਗਿਓਂ ਬਾਹਰ ਇਉਂ ਦਿਖਾਏ ਗਏ ਹਨ ਜਿਵੇਂ ਬਾਕੀ ਹਿੰਦੂ ਚਿਤਰਾਂ ਦੇ ਕਟੇ ਹੋਏ ਦਿਖਾਏ ਗਏ ਹਨ।

ਇਸ ਤਰ੍ਹਾਂ ਸਿਖ ਨੁਹਾਰ, ਸਿਖ ਇਤਿਹਾਸ ਤੇ ਸਿਖ ਸਭਿਆਚਾਰ ਨੂੰ ਵਿਗੜੇ ਰੂਪ ਵਿਚ ਪੇਸ਼ ਕਰ ਕੇ ਸਿਖ ਹਿਰਦਿਆਂ ਨੂੰ ਵਲੂੰਧਰਨ ਦਾ ਕੁਹਜਾ ਜਤਨ ਹੋ ਰਿਹਾ ਹੈ। ਜ਼ਿਮੇਵਾਰ ਸਿਖ ਸੰਸਥਾਵਾਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਅਤੇ ਚੀਫ ਖਾਲਸਾ ਦੀਵਾਨ ਨੂੰ ਵਿਸ਼ੇਸ਼ ਧਿਆਨ ਦੇ ਕੇ ਕੋਈ ਬਾਨ੍ਹਣੂ ਬੰਨ੍ਹਣ ਦਾ ਉਪਰਾਲਾ ਕੀਤਾ ਜਾਣਾ ਬਣਦਾ ਹੈ। ਸਰਕਾਰ ਤੇ ਜ਼ੋਰ ਪਾਇਆ ਜਾਏ ਕਿ ਇਸ ਕਿਤਾਬ ਨੂੰ ਫ਼ੌਰਨ ਜ਼ਬਤ ਕਰ ਕੇ ਸਕੂਲਾਂ ਵਿਚ ਪੜ੍ਹਾਉਣਾ ਬੰਦ ਕੀਤਾ ਜਾਵੇ।

---


## ਭਾਈ ਸਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਕਥਾ ਕੀਰਤਨ (ਨਵੀਂ ਛਾਪ) | ੧੬-੦੦ | ਗੁਰਮਤਿ ਸੱਚ ਨਿਰਣੈ (ਨਵੀਂ ਛਾਪ) | ੧੫-੦੦ |
| ਰੰਗਲੇ ਸੱਜਣ (ਨਵੀਂ ਛਾਪ) | ੧੬-੦੦ | ਜੇਲ੍ਹ ਚਿੱਠੀਆਂ | ੩੦-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਲੇਖ ੧੨-੫੦ ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੭-੫੦ |
| ਅੰਮ੍ਰਿਤ ਕੀ ਹੈ ? ੨-੫੦ ਅੰਮ੍ਰਿਤ ਕਲਾ | ੧-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਸ਼ੰਕਿਆਂ ਦੇ ਉਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਉਮਰ ਕੈਦੀ ਦਾ ਸੁਪਨਾ | ੧-੨੫ | ਆਸਤਕ ਤੇ ਨਾਸਤਕ ੦-੭੫ ਬਾਬਾ ਵੈਦ ਰੋਗੀਆਂ ਦਾ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧ ਹੈ (ਨਵੀਂ ਛਾਪ) | ੧-੦੦ | ਤਿਮਰ ਅਗਿਆਨ ਤੋਂ ਉਜਿਆਰਾ | ੦-੫੦ |

# ਧਾਰਮਕ ਸਿਖ ਸੰਸਥਾਵਾਂ ਅਤੇ ਆਗੂਆਂ ਦੇ ਨਾਮ ਖੁਲ੍ਹੀ ਚਿੱਠੀ

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਿਹ ॥

ਧਰਮ ਦੀ ਰਖਿਆ ਲਈ **'ਖਾਲਸਾ' ਅਕਾਲ ਪੁਰਖ** ਕੀ ਫ਼ੌਜ ਹੈ। ਖਾਲਸੇ ਦਾ ਸਮੂਹ "ਪੰਥ" ਹੈ, ਜਿਸ ਦੀ ਸਾਜਨਾ ਅਕਾਲ ਪੁਰਖ ਦੀ ਆਗਿਆ ਅਧੀਨ ਧਰਮ ਦੇ ਪਰਸਾਰ ਹਿਤ ਕੀਤੀ ਹੋਈ ਹੈ। ਸਤਿਗੁਰਾਂ ਦੀ ਬਖਸ਼ੀ ਸੁਮੱਤਿ, ਤਿਆਗ ਅਤੇ ਕੁਰਬਾਨੀ ਦੀ ਤੁਫ਼ੈਲ ਖਾਲਸੇ-ਪੰਥ ਦਾ ਬੜਾ ਰੌਸ਼ਨ ਅਤੇ ਗੌਰਵਸ਼ੀਲ ਇਤਿਹਾਸ ਹੈ।

(੨) ਪਿਛਲੀ ਅੱਧੀ ਕੁ ਸਦੀ ਤੋਂ ਪੰਥ ਦੀ ਵਾਗ ਡੋਰ ਕੁਝ ਕੁ ਅਜਿਹੇ ਸਿਆਸੀ ਆਗੂਆਂ ਦੇ ਹੱਥ ਰਹੀ ਹੈ ਜੋ ਬਾਹਰੋਂ ਪੰਥਕ ਬੁਰਕਾ ਪਾ ਕੇ ਅੰਦਰੋ-ਅੰਦਰੀ ਚੌਧਰ ਲਈ ਨਿਰੰਤਰ ਸੰਘਰਸ਼ ਕਰਦੇ ਰਹੇ ਹਨ। ਸਮੇਂ ਦੀ ਟੋਰ ਨਾਲ ਅਜਿਹੇ ਗਰਜ਼-ਗ੍ਰਸਤ ਸਿਆਸੀ ਆਗੂਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਅਜਿਹੇ ਖ਼ੁਦਗਰਜ਼ ਸਿਆਸੀ ਆਗੂਆਂ ਦੀ ਪਰਸਪਰ ਖਹਿ-ਮ-ਖਹਿ ਨੇ ਪੰਥਕ ਸ਼ਕਤੀ ਨੂੰ ਖੇਰੂੰ ਖੇਰੂੰ ਕਰ ਕੇ ਪੰਥਕ ਨੁਹਾਰ ਨੂੰ ਧੁੰਧਲਾ ਹੀ ਨਹੀਂ, ਸਗੋਂ ਦਾਗੀ ਕਰ ਦਿਤਾ ਹੈ। ਅਜ ਹਰ ਸਿਆਸੀ ਆਗੂ ਆਪ-ਹੁਦਰੀਆਂ ਕਰੀ ਜਾ ਰਿਹਾ ਹੈ ਤੇ ਸਮੁੱਚੀ ਕੌਮ ਡੌਰ-ਭੌਰ ਹੋਈ ਮਾਯੂਸੀ ਅਤੇ ਬੇ-ਵਸੀ ਦੀ ਹਾਲਤ ਵਿਚ ਸਭ ਕੁਝ ਸਹੀ ਜਾ ਰਹੀ ਹੈ।

(੩) ਚਿਰਾਂ ਤੋਂ ਸੰਤਾਪ ਝਲ ਰਹੇ ਪੰਜਾਬੀਆਂ ਮੂਹਰੇ ਸਰਕਾਰ ਵਲੋਂ, ਇਕ ਸਿਆਸੀ ਚਾਲ ਵਜੋਂ ਇਕ ਡਰਾਮਾ ਰਚ ਕੇ ਚੋਣਾਂ ਦੀ ਬੋਟੀ ਸੁਟੀ ਗਈ ਹੈ। ਆਪੋ ਵਿਚ ਪਾਟੋ-ਧਾੜ ਹੋਏ ਸਿਖ ਸਿਆਸੀ ਆਗੂ ਆਪੋ ਆਪਣੀ ਵਖਰੀ ਡਫਲੀ ਵਜਾਣ ਵਿਚ ਰੁਝ ਗਏ ਹਨ। ਕੋਈ ਸਾਂਝਾ ਪੰਥਕ-ਨਿਰਣਾ ਲਏ ਬਗੈਰ ਕਈਆਂ ਨੇ ਚੋਣਾਂ ਦਾ ਬਾਈਕਾਟ ਕਰ ਦਿਤਾ ਹੈ ਅਤੇ ਕਈ ਇਕ ਦੂਜੇ ਤੋਂ ਮੂਹਰੇ ਹੋ ਕੇ ਚੋਣ-ਬੋਟੀ ਵਲ ਝਪਟ ਪਏ ਹਨ। ਇੰਜ ਪੰਥਕ ਸਫ਼ਾਂ ਵਿਚਲੀ ਪਰਸਪਰ ਫੁਟ ਅਤੇ ਆਪੋ ਧਾਪੀ ਦਾ ਖੁਲ੍ਹਾ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਸਥਿਤੀ ਇਹ ਹੈ ਕਿ ਦਰਜਨ ਕੁ ਦਲਾਂ ਦੇ ਉਮੀਦਵਾਰ ਪੰਥਕ ਬੁਰਕਾ ਪਾਈ ਇਕ ਦੂਜੇ ਵਿਰੁਧ ਚੋਣ-ਮੈਦਾਨ ਵਿਚ ਖਲੋਤੇ ਭੰਡੀ-ਪਰਚਾਰ ਕਰੀ ਜਾ ਰਹੇ ਹਨ। ਪੰਥ ਦੀ ਹਾਲਤ ਹਾਸੋ-ਹੀਣੀ ਹੋਈ ਪਈ ਹੈ। ਅਜਿਹੀ ਸਥਿਤੀ ਵਿਚ ਇਹਨਾਂ ਵਿਚੋਂ ਸਾਰਿਆਂ ਦੀ, ਨਹੀਂ ਤਾਂ ਬਹੁਤਿਆਂ ਦੀ ਹਾਰ ਸਾਹਮਣੇ ਦਿਸਦੀ ਹੈ। ਵਾਹਿਗੁਰੂ ਨਾ ਕਰੇ, ਜੇ ਇਕ ਦੂਜੇ ਦੀਆਂ ਲੱਤਾਂ ਖਿਚਣ ਦੇ ਫਲ-ਸਰੂਪ ਕੁਝ ਵੀ ਪਲੇ ਨਾ ਪਿਆ ਤਾਂ ਇਕ ਪਾਸੇ ਤਾਂ ਪੰਥ ਦੀ ਨਮੋਸ਼ੀ ਹੋਵੇਗੀ ਅਤੇ ਦੂਜੇ ਪਾਸੇ ਕੌਮ ਦੇ ਸੰਤਾਪ ਵਿਚ ਵਾਧਾ ਹੋਣਾ ਅਵੱਸ਼ ਹੈ।

(੪) ਹੁਣ ਸਵਾਲ ਇਹ ਹੈ—

(ੳ) ਕੀ ਅਸੀਂ ਸਾਰੇ ਇਹ ਸਭ ਕੁਝ ਅਭਿੱਜ ਅਤੇ ਬੇ-ਵਸ ਹੋ ਕੇ ਹੀ ਵੇਖਦੇ ਰਹਿਣਾ ਹੈ ?

(ਅ) ਕੀ ਅਜਿਹੀ ਨਿਘਰੀ ਅਤੇ ਡਾਵਾਂ-ਡੋਲ ਦਸ਼ਾ ਵਿਚ ਸਾਡਾ ਸਭਨਾਂ ਦਾ ਕੋਈ ਫ਼ਰਜ਼ ਬਣਦਾ ਹੈ ?

(ੲ) ਜੇ ਵਾਕਿਆ ਈ ਕੁਝ ਫ਼ਰਜ਼ ਬਣਦਾ ਹੈ ਤਾਂ ਅਸੀਂ ਇਕੱਠੇ ਬੈਠ ਕੇ ਸਾਂਝੇ ਤੌਰ ਤੇ ਕਿਉਂ ਕੋਈ ਚਾਰਾਜੋਈ ਨਹੀਂ ਕਰਦੇ ?

(ਸ) ਜੇ ਅਸੀਂ ਕੁਝ ਨਹੀਂ ਕਰਦੇ ਤਾਂ ਕੀ ਆਪਣੇ ਅਵੇਸਲੇਪਨ ਲਈ ਗੁਰੂ ਮੂਹਰੇ ਜਵਾਬ-ਦੇਹ ਨਹੀਂ ?

ਅਜੇ ਮਿਲ ਬੈਠ ਕੇ ਸੋਚਣ ਅਤੇ ਕੁਝ ਕਰਨ ਦਾ ਸਮਾ ਹੈ ! ਇਸ ਨੂੰ ਸੰਭਾਲੀਏ !! ਸਮਾ ਵਿਹਾ ਜਾਣ ਮਗਰੋਂ ਪਸਚਾਤਾਪ ਰਹਿ ਜਾਏਗਾ !!!

ਖਾਲਸਾ ਜੀ ਦਾ ਸੇਵਾਦਾਰ (ਰਾਮ ਸਿੰਘ) ਜਥੇਦਾਰ, ਅਖੰਡ ਕੀਰਤਨੀ ਜਥਾ

---

ਵੈਸਾਖੀ ਸਮਾਗਮ ਅੰਮ੍ਰਿਤਸਰ ਸਮੇਂ **ਇਕ ਗੁਆਚੀ ਛਤਰੀ** ਵੀ ਮਿਲੀ ਹੈ।



www.AKJ.Org

# ਸ਼੍ਰੋ: ਗੁ: ਪ੍ਰ: ਕਮੇਟੀ ਤੇ ਚੀਫ ਖਾ: ਦੀਵਾਨ ਵਲ ਚਿੱਠੀ

ਸੇਵਾ ਵਿਖੇ, ਪ੍ਰਧਾਨ ਸਾਹਿਬ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ।

ਪ੍ਰਧਾਨ ਸਾਹਿਬ, ਚੀਫ ਖ਼ਾਲਸਾ ਦੀਵਾਨ, ਅੰਮ੍ਰਿਤਸਰ।

ਵਿਸ਼ਾ :–ਪੰਥ ਦੀ ਵਰਤਮਾਨ ਨਿਘਰਦੀ ਦਸ਼ਾ ਨੂੰ ਸੁਧਾਰਨ ਲਈ ਚਾਰਾਜੋਈ।

ਸ੍ਰੀ ਮਾਨ ਜੀ,

ਅਖੰਡ ਕੀਰਤਨੀ ਜਥੇ ਵਲੋਂ ੧੯-੫-੯੧ ਦੀ ਅਜੀਤ ਵਿਚ ਧਾਰਮਕ ਸਿੱਖ ਸੰਸਥਾਵਾਂ ਦੇ ਨਾਮ ਖੁਲ੍ਹੀ ਚਿੱਠੀ ਲਿਖੀ ਗਈ ਸੀ, ਜਿਸ ਵਿਚ ਅਪੀਲ ਕੀਤੀ ਗਈ ਸੀ ਕਿ ਪੰਥ ਦੀ ਵਰਤਮਾਨ ਨਿਘਰਦੀ ਦਸ਼ਾ ਨੂੰ ਸੁਧਾਰਨ ਸੰਬੰਧੀ ਧਾਰਮਕ ਸਿੱਖ ਸੰਸਥਾਵਾਂ ਵਲੋਂ ਮਿਲ ਬੈਠ ਕੇ ਵਿਚਾਰ ਅਤੇ ਕੁਝ ਚਾਰਾਜੋਈ ਕੀਤੀ ਜਾਵੇ। ਅਜ ਤਕ ਕਿਸੇ ਵਲੋਂ ਕੋਈ ਹੁੰਗਾਰਾ ਨਹੀਂ ਮਿਲਿਆ। ਕਿਆਸ ਕੀਤਾ ਜਾਂਦਾ ਹੈ ਕਿ ਜੇ ਪੰਥ ਪ੍ਰਤੀਨਿਧਤਾ ਦੀਆਂ ਦਾਅਵੇਦਾਰ ਸੰਸਥਾਵਾਂ ਅਜਿਹੀ ਅਪੀਲ ਕਰਨ ਤਾਂ ਉਸ ਨੂੰ ਭਰਵਾਂ ਹੁੰਗਾਰਾ ਮਿਲ ਸਕਦਾ ਹੈ। ਦਾਸ ਦੀ ਉਪਰੋਕਤ ਵਰਣਿਤ ਅਪੀਲ ਦਾ ਇਕ ਉਤਾਰਾ ਆਪ ਜੀ ਨੂੰ ਭੇਜਦਿਆਂ ਹੋਇਆਂ ਬੇਨਤੀ ਹੈ ਕਿ ਇਸ ਕਿਸਮ ਦੀ ਅਪੀਲ ਰਾਹੀਂ ਜਾਂ ਕਿਸੇ ਹੋਰ ਢੰਗ ਨਾਲ ਇਸ ਸੰਬੰਧ ਵਿਚ ਕੁਝ ਚਾਰਾਜੋਈ ਕੀਤੀ ਜਾਵੇ। ਐਵੇਂ ਬੇਬੱਸ ਹੋਏ ਹੋਏ ਸਾਰੀ ਉਲਝੀ ਤਾਣੀ ਨੂੰ ਦੇਖੀ ਜਾਣਾ ਉਚਿਤ ਨਹੀਂ, ਇਸ ਨੂੰ ਸੁਲਝਾਉਣਾ ਹੀ ਪੈਣਾ ਹੈ। ਜਿੰਨੀ ਛੇਤੀ ਇਸ ਪਾਸੇ ਤਤਪਰ ਹੋ ਜਾਈਏ, ਓਨਾ ਹੀ ਭਲਾ ਹੈ। ਆਖ਼ਰ ਪੰਥ ਦੀ ਨਮੋਸ਼ੀ ਅਤੇ ਏਸ ਦੇ ਸੰਤਾਪ ਵਿਚ ਵਾਧਾ ਹੁੰਦਾ ਕਦ ਤਕ ਵੇਖੀ ਜਾਵਾਂਗੇ। ਸਾਰਿਆਂ ਦੀਆਂ ਅੱਖਾਂ ਜ਼ਿਮੇਵਾਰ ਧਾਰਮਕ ਸਿਖ ਸੰਸਥਾਵਾਂ ਵਲ ਲੱਗੀਆਂ ਹੋਈਆਂ ਹਨ। ਇਸ ਜ਼ਿਮੇਵਾਰੀ ਤੋਂ ਕੰਨੀ ਨਾ ਕਤਰਾਈਏ, ਸਗੋਂ ਇਸ ਨੂੰ ਨਿਭਾ ਕੇ ਕੌਮ ਵਲੋਂ ਅਤੇ ਗੁਰੂ ਵਲੋਂ ਸੁਰਖ਼ਰੂ ਹੋਈਏ।

ਖਾਲਸਾ ਜੀ ਦਾ ਸੇਵਾਦਾਰ–(ਰਾਮ ਸਿੰਘ) ਮੁਖ ਸੇਵਾਦਾਰ

ਉਤਾਰਾ—੧—ਜਥੇਦਾਰ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ।

੨–ਇੰਚਾਰਜ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ।

੩–ਇੰਚਾਰਜ, ਧਰਮ ਪ੍ਰਚਾਰ ਕਮੇਟੀ, ਚੀਫ ਖਾਲਸਾ ਦੀਵਾਨ

ਦੀ ਸੇਵਾ ਵਿਚ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

# ਜ਼ਰੂਰੀ ਸੂਚਨਾ

ਫ਼ਰਵਰੀ ਮਹੀਨੇ ਦੇ 'ਸੂਰਾ' ਮਾਸਕ ਪਤਰ ਦੇ ਪੰਨਾ ੪੧ ਉਤੇ ਅਖੰਡ ਕੀਰਤਨੀ ਜਥੇ ਦੇ ਸਲਾਹਕਾਰ ਬੋਰਡ ਦੇ ਮੈਂਬਰਾਂ ਦੇ ਨਾਮ ਸੂਚਤ ਕੀਤੇ ਗਏ ਸਨ। ਕੁਝ ਸਜਣਾਂ ਵਲੋਂ ਦਿਤੇ ਗਏ ਸੁਝਾਵਾਂ ਨੂੰ ਪ੍ਰਵਾਨ ਕਰਦਿਆਂ ਹੋਇਆਂ ਹੇਠ ਲਿਖੇ ਤਿੰਨ ਮੈਂਬਰ ਬਦੇਸ਼ਾਂ ਵਿਚੋਂ ਇਸ ਬੋਰਡ ਵਿਚ ਸ਼ਾਮਲ ਕੀਤੇ ਜਾਂਦੇ ਹਨ :–

1. ਭਾ: ਗੁਰਨਾਮ ਸਿੰਘ ਜੀ ਯੂ.ਕੇ., 2. ਡਾਕਟਰ ਦਰਸ਼ਨ ਸਿੰਘ ਜੀ ਕੈਨੇਡਾ, 3. ਭਾ: ਮਨਮੋਹਨ ਸਿੰਘ ਜੀ ਅਮਰੀਕਾ।

ਮੁਹਾਲੀ ਵਾਲੇ ਭਾਈ ਮਹਿੰਦਰ ਸਿੰਘ ਜੀ ਨੂੰ ਇਸ ਸਲਾਹਕਾਰ ਬੋਰਡ ਦਾ ਕੋਆਰਡੀਨੇਟਰ ਥਾਪਿਆ ਗਿਆ ਹੈ।

ਅਖੰਡ ਕੀਰਤਨੀ ਜਥੇ ਨਾਲ ਸੰਬੰਧਤ ਭਾਈਚਾਰਕ ਜਾਂ ਪ੍ਰਬੰਧਕੀ ਮਸਲੇ ਅੱਗੇ ਤੋਂ ਅੰਮ੍ਰਿਤ-ਸਿੰਚਾਰ ਸਮਾਗਮਾਂ ਸਮੇਂ ਪੰਜ ਪਿਆਰਿਆਂ ਦੇ ਪੇਸ਼ ਕਰਨ ਦੀ ਬਜਾਏ ਸਲਾਹਕਾਰ ਬੋਰਡ ਦੇ ਕੋਆਰਡੀਨੇਟਰ ਭਾਈ ਮਹਿੰਦਰ ਸਿੰਘ ਕੋਠੀ ਨੰ: 141, ਫੇਜ਼ 1, ਮੁਹਾਲੀ (ਟੈਲੀਫ਼ੋਨ ਨੰ: 571331) ਨੂੰ ਡਾਕ ਰਾਹੀਂ ਭੇਜੇ ਜਾਣ। ਬੋਰਡ ਵਲੋਂ ਘੋਖ ਕਰਨ ਮਗਰੋਂ ਇਹਨਾਂ ਸੰਬੰਧੀ ਮੇਰੀ ਸੰਮਤੀ/ਪ੍ਰਵਾਨਗੀ ਨਾਲ ਯੋਗ ਨਿਰਣਾ ਲਿਆ ਜਾਇਆ ਕਰੇਗਾ।

ਖਾਲਸਾ ਜੀ ਦਾ ਸੇਵਾਦਾਰ–(ਰਾਮ ਸਿੰਘ) ਜਥੇਦਾਰ, ਅਖੰਡ ਕੀਰਤਨੀ ਜਥਾ

www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | |
|---|---|
| ਭਾਈ ਜੀਵਨ ਸਿੰਘ ਜੀ ਕੀਰਤਨੀਏ | ੧੦੦੦੦-੦੦ |
| ਗੁਪਤ ਸੇਵਾ | ੪੧-੦੦ |
| ਸ: ਹਰਜੀਤ ਸਿੰਘ ਵੈਨਕੂਵਰ (ਕੈਨੇਡਾ) | ੮੯੧੮-੦੦ |
| ਸ: ਜਗਤਾਰ ਸਿੰਘ ਚੰਡੀਗੜ੍ਹ | ੫੦-੦੦ |
| J W.O. ਤੇਜਿੰਦਰ ਸਿੰਘ ਹਲਵਾਰਾ | ੧੦੦-੦੦ |
| ਗਿਆਨੀ ਕਰਤਾਰ ਸਿੰਘ ਲੁਧਿਆਣਾ | ੫੦-੦੦ |
| ਸ: ਜਸਵੰਤ ਸਿੰਘ ਲੁਧਿਆਣਾ | ੨੫੧-੦੦ |
| ਕਾਕਾ ਹਰਸ਼ਰਨ ਸਿੰਘ ਲੁਧਿਆਣਾ (ਦੋ ਵਾਰ) | ੨੦੦-੦੦ |
| ਡਾ: ਕੁਲਵਿੰਦਰ ਸਿੰਘ ਅੰਮ੍ਰਿਤਸਰ | ੨੦-੦੦ |
| ਸ: ਗੁਰਬਖਸ਼ ਸਿੰਘ ਅਜੀਤ ਨਗਰ ਅੰਮ੍ਰਿਤਸਰ (ਚੜ੍ਹਾਵਾ ਸਮਾਗਮ) | ੪੬੭-੭੫ |
| ਸ: ਗੁਰਮੇਲ ਸਿੰਘ ਮਲਾ | ੫੦-੦੦ |
| ਗੁਪਤ ਸੇਵਾ | ੩੦੦-੦੦ |
| ਗੁਪਤ ਸੇਵਾ | ੨੫੦੦-੦੦ |
| ਸ: ਸੁਬੇਗ ਸਿੰਘ ਸਿਡਨੀ (ਅਸਟ੍ਰੇਲੀਆ) | ੪੫੦੦-੦੦ |
| ਸ: ਪ੍ਰੀਤਮ ਸਿੰਘ ਅੰਮ੍ਰਿਤਸਰ | ੨੦੦-੦੦ |
| Sgt ਪੀ.ਜੇ. ਸਿੰਘ ੫੬ ਏ.ਪੀ.ਓ, | ੨੦੦-੦੦ |
| ਗੁਪਤ ਸੇਵਾ | ੫੦੦੦-੦੦ |
| ਸ: ਇੰਦਰ ਸਿੰਘ ਸ਼ਿਮਲਾ ਮਦਰਾਸੀ ਪਹਵਾਰ ਲਈ ਦੋ ਸਾਲ ਲਈ | ੨੪੦੦-੦੦ |
| ਭਾਈ ਰਣਜੀਤ ਸਿੰਘ ਜਲੰਧਰ | ੨੧-੦੦ |
| ਸ: ਪ੍ਰਦੁੱਮਨ ਸਿੰਘ ਜਲੰਧਰ (ਗੋਲਕ ਫੰਡ) | ੧੦੦-੦੦ |
| ਸੰਗਤ ਲਮਿੰਗਟਨ ਯੂ.ਕੇ. (ਕੀਰਤਨ ਭੇਟ) | ੯੪੫੦-੦੦ |
| ਭਾਈ ਮਲਕੀਅਤ ਸਿੰਘ ਸਲੋਅ ਯੂ.ਕੇ. | ੧੭੦੦-੦੦ |
| ਜੀ. ਗਿਲ ਫ਼ੈਕਟਰੀ ਕਪੜੇ ਦੇ ਕਾਮੇ ਵੈਸਟ ਮਿਡਲੈਂਡ | ੯੨੦-੦੦ |
| ਸੰਗਤ ਗ੍ਰੇਵਜ਼ੈਂਡ ਕੈਂਟ ਯੂ.ਕੇ. | ੩੪੨੫-੦੦ |
| ਸੰਗਤ ਬੀਬੀਆਂ ਚੈਟਮ ਕੈਂਟ ਯੂ.ਕੇ. | ੩੪੨੫-੦੦ |
| ਸੰਗਤ ਲੇਟਨ ਲੰਡਨ ,, | ੧੦੮੮੦-੦੦ |
| ਸ: ਮਨਜੀਤ ਸਿੰਘ ਬਰਮਿੰਘਮ ,, | ੩੩੦੩-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿੱਤੀ ਸਹਾਇਤਾ

| | |
|---|---|
| ਬੀ: ਅਮਰਜੀਤ ਕੌਰ ਪਤਨੀ ਭਾ: ਮਨਜੀਤ ਸਿੰਘ, ਪਿੰਡ ਚਗਰਾਂ (ਹੁਸ਼ਿਆਰਪੁਰ) ਪਤੀ ਜੇਲ੍ਹ, ਗੁਜਾਰਾ ਮੁਸ਼ਕਲ | ੫੦੦੦-੦੦ |
| ਸਰਦਾਰਨੀ ਅਮਰ ਕੌਰ ਪਤਨੀ ਸਵਰਗੀ ਭਾਈ ਭਜਨ ਸਿੰਘ ਮਦਰਾਸੀ ਪਰਵਾਰ (ਅਪ੍ਰੈਲ ਮਈ) | ੨੦੦-੦੦ |

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | |
|---|---|
| ਸ: ਸਾਧੂ ਸਿੰਘ, ਵ੍ਰਨਨ (ਕੈਨੇਡਾ) | ੨੦੦-੦੦ |
| ਗੁਪਤ ਸੇਵਾ | ੩੦੦-੦੦ |
| ਗੁਪਤ ਸੇਵਾ | ੩੦-੦੦ |
| ਸ: ਮੱਘਰ ਸਿੰਘ, ਗਲਾਸਗੋ (ਸਕਾਟਲੈਂਡ) | ੧੪੦-੦੦ |
| ਸ੍ਰੀਮਤੀ ਪ੍ਰੀਤਮ ਕੌਰ ਕਾਨਪੁਰ | ੨੦-੦੦ |
| ਸ: ਬਿਕਰ ਸਿੰਘ ਕਲਕੱਤਾ | ੧੫੦-੦੦ |
| ਸ: ਕਰਤਾਰ ਸਿੰਘ ਗਰੀਬ, ਲੁਧਿਆਣਾ | ੧੧-੦੦ |
| ਭਾਈ ਮਨਜੀਤ ਸਿੰਘ ਅੰਬਾਲਾ ਛਾਉਣੀ | ੧੦੦-੦੦ |
| ਬੀ:ਸੁਰਿੰਦਰ ਕੌਰ ਸ: ਸੁਰਿੰਦਰ ਸਿੰਘ ਯੂ.ਕੇ. | ੧੦੦੦-੦੦ |
| ਸ: ਨਾਨਕ ਸਿੰਘ ਪੂਨਾ ਕੈਂਪ | ੬੦-੦੦ |
| ਭਾਈ ਸੂਰਤ ਸਿੰਘ (ਪੂਰਨ ਜੀ) ਅੰਮ੍ਰਿਤਸਰ — ਭੁਜੰਗੀਆਂ ਦੀ ਸਾਲਾਨਾ ਯਾਦ ਵਿਚ ਚੜ੍ਹਾਵਾ-ਸਮਾਗਮ | ੭੬੦-੦੦ |
| ਪਰਵਾਰ ਸ: ਉਜਾਗਰ ਸਿੰਘ ਨਵੀਂ ਦਿਲੀ — ਸ: ਉਜਾਗਰ ਸਿੰਘ ਦੀ ਸਾਲਾਨਾ ਯਾਦ ਵਿਚ | ੧੦੧-੦੦ |
| ਬੀਬੀ ਬਲਵੰਤ ਕੌਰ ਨਵੀਂ ਦਿਲੀ — ਪਤੀ ਸ: ਭਗਤ ਸਿੰਘ ਨਮਿਤ ਪਾਠ ਦਾ ਚੜ੍ਹਾਵਾ | ੩੦੦-੦੦ |
| ਬੀਬੀ ਪਰਮਜੀਤ ਕੌਰ ਅੰਮ੍ਰਿਤਸਰ — ਪਤੀ ਭਾਈ ਕੁਲਦੀਪ ਸਿੰਘ ਦੀ ਯਾਦ ਵਿਚ ਚੜ੍ਹਾਵਾ ਸਮਾਗਮ | ੧੦੪-੦੦ |
| ਬੀਬੀ ਸਿਮਰਨਜੀਤ ਕੌਰ, ਤਰਨ ਤਾਰਨ - ਪਤੀ ਦੀ ਯਾਦ ਵਿਚ ਚੜ੍ਹਾਵਾ ਸਮਾਗਮ | ੨੦੦-੦੦ |

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਰੈਣ ਸਬਾਈ ਕੀਰਤਨ

15-6-91 ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ਹਰਬੈਨਾ ਰੋਡ, ਹੰਸਲੋ ਮਿਡਲੈਕਸ ਵਿਖੇ,
ਗੁਰਦਵਾਰਾ ਫੋਨ 081-577-2793, ਭਾ: ਅਜੀਤ ਸਿੰਘ 081-891-0470

### ਯੂ ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ (ਫੋਨ : 6734-267900)

Bhai Gurnam Singh, 10-Lambourne Gardens Earley, Reading, Berks, U K.

## ਟੋਰਾਂਟੋ (ਕੈਨੇਡਾ) ਵਿਖੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਯਾਦ ਵਿਚ ਸਾਲਾਨਾ ਸਮਾਗਮ

ਆਓ ਜੀ ਓਲਡ-ਵੈਸਟਨ ਗੁਰਦਵਾਰਾ ਵਿਖੇ। ਕੈਨੇਡਾ, ਯੂਰਪ ਤੇ ਅਮਰੀਕਾ ਤੋਂ ਕੀਰਤਨੀ ਜਥੇ ਪੁਜ ਰਹੇ ਹਨ।

27 ਜੂਨ ਅਰੰਭ ਅਖੰਡ ਪਾਠ, 28 ਜੂਨ ਦੁਪਹਿਰ ਤਕ ਅਖੰਡ ਕੀਰਤਨ 29 ਜੂਨ ਭੋਗ ਅਖੰਡ ਪਾਠ ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ 7 ਵਜੇ ਰੈਣ ਸਬਾਈ ਕੀਰਤਨ, ਅਰੰਭ, 8 ਵਜੇ ਸ਼ਾਮ ਅੰਮ੍ਰਿਤ ਸੰਚਾਰ ਅਰੰਭ, 30 ਜੂਨ ਐਤਵਾਰ ਸਮਾਪਤੀ। ਪਹਿਲੀ ਜੁਲਾਈ ਛੁਟੀ ਹੋਣ ਕਰਕੇ 30 ਜੂਨ ਸ਼ਾਮ ਨੂੰ ਵੀ ਲੋੜ ਅਨੁਸਾਰ ਕੀਰਤਨ ਰਖਿਆ ਜਾ ਸਕਦਾ ਹੈ।

ਪੁਛ ਗਿਛ ਲਈ : (416) 672-2040, (416) 672-9165

www.AKJ.Org

# ਸ਼ਹੀਦੀ ਗੁਰਪੁਰਬ ਸਾਲਾਨਾ ਕੀਰਤਨ ਸਮਾਗਮ ਹੁਸ਼ਿਆਰਪੁਰ

## ਅਖੰਡ ਕੀਰਤਨੀ ਜਥਿਆਂ ਵਲੋਂ ੧੨ ਜੂਨ ਬੁਧਵਾਰ ਸ਼ਾਮ ਤੋਂ ੧੬ ਜੂਨ ੧੯੯੧ ਐਤਵਾਰ ਸਵੇਰ ਤਕ

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਸਮੇਂ ਪ੍ਰੋਗਰਾਮ :— ੧੨ ਜੂਨ ਸ਼ਾਮ ੬ ਤੋਂ ੯ ਕੀਰਤਨ ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ, ੧੩ ਜੂਨ ਸਵੇਰੇ ੫ ਤੋਂ ੮ ਆਸਾ ਦੀ ਵਾਰ ਉਪਰੰਤ ਅਖੰਡਪਾਠ ਅਰੰਭ ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ, ਸ਼ਾਮ ੬ ਤੋਂ ੯ ਕੀਰਤਨ ਗੁ: ਸ੍ਰੀ ਕਲਗੀਧਰ ਚਰਨ ਪਾਵਨ ਮਾਡਲ ਟਾਊਨ, ੧੪ ਜੂਨ ਸਵੇਰੇ ੬ ਤੋਂ ੧੨ ਕੀਰਤਨ ਗੁ: ਭਾਈ ਜੋਗਾ ਸਿੰਘ ਮੁਹੱਲਾ ਸ਼ੇਖਾਂ, ਸ਼ਾਮ ੪ ਵਜੇ ਨਗਰ ਕੀਰਤਨ ਸ੍ਰੀ ਗੁਰੂ ਸਿੰਘ ਤੋਂ ਅਰੰਭ, ੧੫ ਜੂਨ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ੧ ਵਜੇ ਤਕ ਕੀਰਤਨ, ਸ਼ਾਮ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ। ੧੬ ਜੂਨ ਸਵੇਰੇ ੬ ਵਜੇ ਸਮਾਪਤੀ।

ਨੋਟ — ੧. ਰਿਹਾਇਸ਼ ਲੰਗਰ ਗੁ: ਸਿੰਘ ਸਭਾ ਰੇਲਵੇ ਰੋਡ ਵਿਖੇ। ੨. ਲੋੜ ਅਨੁਸਾਰ ਬਿਸਤਰੇ ਲਿਆਓ ਜੀ।

ਪੁਛ ਗਿਛ – ੧. ਭਾਈ ਪਰਮਜੀਤ ਸਿੰਘ, ਗੁਰੂ ਨਾਨਕ ਜਨਰਲ ਸਟੋਰ ਨੇੜੇ ਬਸ ਸਟੈਂਡ। ੨. ਭਾਈ ਹਰਮਿੰਦਰ ਸਿੰਘ, ਬੈਂਕ ਬਜ਼ਾਰ। ੩. ਪ੍ਰਬੰਧਕ ਕਮੇਟੀ ਸ੍ਰੀ ਗੁਰੂ ਸਿੰਘ ਸਭਾ

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ ਹੁਸ਼ਿਆਰਪੁਰ

---

## ਗੁਰੂ ਦੀ ਵਡਾਲੀ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਪ੍ਰਕਾਸ਼ ਗੁਰਪੁਰਬ ਸਮੇਂ ਰੈਣ ਸਬਾਈ ਕੀਰਤਨ

੨੮.੬ ਸਵੇਰੇ ਭੋਗ ਸ੍ਰੀ ਅਖੰਡਪਾਠ ਭਾਈ ਬਾਲਾ ਸਿੰਘ ਜੀ ਦੇ ਗ੍ਰਿਹ, ਸ਼ਾਮ ੫ ਤੋਂ ੮ ਕੀਰਤਨ ਗੁਰਦੁਆਰਾ ਸ਼ਹੀਦ ਸਿੰਘਾਂ, ੨੯.੬ ਸਵੇਰੇ ੫ ਤੋਂ ੧ ਦੁਪਹਿਰ ਤਕ ਕੀਰਤਨ ਜਨਮ ਅਸਥਾਨ ਪਾ: ੬, ਸ਼ਾਮ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਜਨਮ ਅਸਥਾਨ ਵਿਖੇ,

੩੦.੬ ਐਤਵਾਰ ਸਵੇਰੇ ੫ ਵਜੇ ਸਮਾਪਤੀ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ ਵਡਾਲੀ

## ਅਖੰਡ ਕੀਰਤਨੀ ਜਥਾ ਪਠਾਨਕੋਟ ਗੁਰਦਾਸਪੁਰ ਵਲੋਂ ਪਠਾਨਕੋਟ ਵਿਖੇ ਸਾਲਾਨਾ ਗੁਰਮਤਿ ਸਮਾਗਮ

੫ ਜੂਨ ਸ਼ਾਮ ਕੀਰਤਨ ਗੁ: ਸਿੰਘ ਸਭਾ ਅਬਰੋਲ ਨਗਰ, ੬ ਜੂਨ ਸਵੇਰੇ ਕੀਰਤਨ ਉਪਰੰਤ ਅਖੰਡਪਾਠ ਅਰੰਭ ਗੁ: ਰੇਲਵੇ ਸਿੰਘ ਸਭਾ, ੭ ਜੂਨ ਸਵੇਰੇ ੫ ਤੋਂ ੮ ਕੀਰਤਨ ਭਾ: ਸ਼ਿੰਗਾਰਾ ਸਿੰਘ, ੨੪੦ ਗਾਂਧਾ ਨਗਰ, ਸ਼ਾਮ ਕੀਰਤਨ ਗੁ: ਸਿੰਘ ਸਭਾ ਮਾਡਲ ਟਾਊਨ, ੮ ਜੂਨ ਸਵੇਰੇ ਭੋਗ ਸ੍ਰੀ ਅਖੰਡਪਾਠ ਤੇ ੧ ਵਜੇ ਤਕ ਕੀਰਤਨ, ਸ਼ਾਮ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ। ਰੇਲਵੇ ਗੁ: ਸਿੰਘ ਸਭਾ, ਬਸ ਸਟੈਂਡ ਤੋਂ ਨੇੜੇ ਹੈ।

## ਸ੍ਰੀ ਹਰਿਮੰਦਰ ਸਾਹਿਬ ਦੇ ਸ਼ਹੀਦ ਅਵਤਾਰ ਸਿੰਘ ਪਾਰੋਵਾਲ ਦੀ ਸਲਾਨਾ ਯਾਦ ਵਿਚ ਕੀਰਤਨ

੨੩-੬-੯੧ ਨੂੰ ਕਲਗੀਧਰ ਗੁਰਦੁਆਰਾ ਮੋਹਨ ਨਗਰ, ਗਲੀ ਨੰ: ੩, ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਸਵੇਰੇ ੬ ਤੋਂ ੧੧ ਤਕ

ਮਾਸਕ ਰੈਣ ਸਬਾਈ ਗੁਰਦਵਾਰਾ ਲਾਲ ਕੁਆਟਰ (ਨੇੜੇ ਬਸਤੀ ਅਬਦੁਲਾਪੁਰ) ਲੁਧਿਆਣਾ ੮ ਜੂਨ

ਧਾਰੀਵਾਲ (ਨੇੜੇ ਢਿਲਵਾਂ) ਗੁ: ਸੰਤ ਜਵਾਹਰ ਸਿੰਘ, ਰੈਣ ਸਬਾਈ ਕੀਰਤਨ ੮ ਜੂਨ ਸ਼ਨੀਵਾਰ

ਘੁਮਾਣ (ਲੁਧਿਆਣਾ) ਨੇੜੇ ਗੁਰੂ ਸਰ ਸੁਧਾਰ ਕਾਲਜ ੨੯ ਜੂਨ ਰੈਣ ਸਬਾਈ ਕੀਰਤਨ

ਭੁਚੋ ਮੰਡੀ (ਸਟੇਸ਼ਨ ਬਸਤੀ) ਗ੍ਰਿਹ ਮਾ: ਜਗਜੀਤ ਸਿੰਘ, ੨੩ ਜੂਨ ਸਵੇਰੇ ਭੋਗ ਅਖੰਡਪਾਠ ਤੇ ਕੀਰਤਨ

ਮੋਗਾ ਗ੍ਰਿਹ ਭਾ: ਪਰਮਿੰਦਰ ਸਿੰਘ ਮਾ: ਚੇਤ ਸਿੰਘ, ਪੁਰਾਣਾ ਗੁਲਾਬੀ ਬਾਗ, ੯ ਜੂਨ ਸਵੇਰੇ ਕੀਰਤਨ

ਗੁ: ਰਾਮਪੁਰ ਖੇੜਾ (ਨੇੜੇ ਗੜ੍ਹਦੀਵਾਲਾ) ਵਿਖੇ ਨਾਮ ਅਭਿਆਸ ਕਮਾਈ ਸਮਾਗਮ ੩੦-੬ ਤੋਂ ੭-੭-੯੧

---

ਯੂ.ਕੇ. ਵਿਖੇ ਮੋਖ ਰਹਿਤ ਪਸਤਕਾਂ—ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਅਤੇ ਹੋਰ ਗੁਰਮਤੀ ਪੁਸਤਕਾਂ ਗੁਰਮੁਖੀ ਤੇ ਅੰਗਰੇਜ਼ੀ ਵਿਚ ਮੁਫ਼ਤ ਮੰਗਾਓ। ਡਾਕ ਖ਼ਰਚ ਪਹਿਲਾਂ ਭੇਜੋ —

Bhai Madan Singh, 11-Apollo Way, Perry Barrs, Birmingham 2-0 3ND (U K.)

---

ਮਨੀਆਰਡਰ, ਬੈਂਕ ਡਰਾਫ਼ਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ (ਫ਼ੋਨ ਪੀ.ਪੀ. 43045)

'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.Org